Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
"Believe In The Best"
ROYAL CANADIAN
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 208 Thursday, October 31, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

# ਪਾਰਲੀਆਮੈਂਟ 'ਚ ਐੱਨ.ਡੀ.ਪੀ. ਵੱਲੋਂ ਫਾਰਮਾਕੇਅਰ ਸਬੰਧੀ ਪਹਿਲਾ ਬਿੱਲ ਕੀਤਾ ਜਾਵੇਗਾ ਪੇਸ਼ : ਜਗਮੀਤ ਸਿੰਘ

ਓਟਵਾ, 30 ਅਕਤੂਬਰ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ 43ਵੀਂ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਉੱਤੇ ਉਹ ਯੂਨੀਵਰਸਲ ਫਾਰਮਾਕੇਅਰ ਪ੍ਰੋਗਰਾਮ ਲਾਗੂ ਹੋਇਆ ਵੇਖਣਾ ਚਾਹੁੰਦੇ ਹਨ। ਇਸ ਤੋਂ ਇਲਾਵਾ ਨਿਊ ਡੈਮੋਕ੍ਰੈਟਸ ਵੱਲੋਂ ਸਰਕਾਰ ਨੂੰ ਕੈਨੇਡੀਅਨ ਹਿਊਮਨ ਰਾਈਟਸ ਟ੍ਰਿਬਿਊਨਲ ਦੇ ਚਾਈਲਡ ਵੈਲਫੇਅਰ ਫੈਸਲੇ ਬਾਰੇ ਆਪਣੀ ਅਪੀਲ ਨੂੰ ਵਾਪਿਸ ਲੈਣ ਲਈ ਵੀ ਦਬਾਅ ਪਾਇਆ ਜਾਵੇਗਾ।



ਜਗਮੀਤ ਸਿੰਘ ਨੇ ਦੱਸਿਆ ਕਿ ਫਾਰਮਾਕੇਅਰ ਸਬੰਧੀ ਬਿੱਲ ਪ੍ਰਾਈਵੇਟ ਮੈਂਬਰ ਬਿੱਲ ਪ੍ਰਕਿਰਿਆ ਰਾਹੀਂ ਪੇਸ਼ ਕੀਤਾ ਜਾਵੇਗਾ। ਇਸ ਬਿੱਲ ਨੂੰ ਅੱਗੇ ਵਧਾਉਣ ਲਈ ਬਹੁਗਿਣਤੀ ਐਮਪੀਜ਼ ਦੇ ਸਮਰਥਨ ਦੀ ਲੋੜ ਹੋਵੇਗੀ। ਇਸ ਤੋਂ ਬਾਅਦ ਸਰਕਾਰ ਦੇ ਚਾਈਲਡ ਵੈੱਲਫੇਅਰ ਸਿਸਟਮ ਤਹਿਤ ਜਿਨ੍ਹਾਂ ਫਰਸਟ ਨੇਸ਼ਨਜ਼ ਦੇ ਬੱਚਿਆਂ ਨਾਲ ਵਿਤਕਰਾ ਹੋਇਆ ਉਨ੍ਹਾਂ ਨੂੰ ਮੁਆਵਜ਼ਾ ਦੇਣ ਲਈ ਦਿੱਤੇ ਗਏ ਹੁਕਮਾਂ ਖਿਲਾਫ ਪਾਈ ਅਪੀਲ ਨੂੰ ਵਾਪਿਸ ਲੈਣ ਲਈ ਵੀ ਐਨਡੀਪੀ ਸਰਕਾਰ ਉੱਤੇ ਦਬਾਅ ਪਾਵੇਗੀ।

ਜਗਮੀਤ ਸਿੰਘ ਨੇ ਆਖਿਆ ਕਿ ਬਹੁਤ ਸਾਰੇ ਕੈਨੇਡੀਅਨ ਚਾਹੁੰਦੇ ਹਨ ਕਿ ਸਰਕਾਰ ਹੋਰਨਾਂ ਪਾਰਟੀਆਂ ਨਾਲ ਰਲ ਕੇ ਕੰਮ ਕਰੇ ਤੇ ਇਸ ਲਈ ਸਰਕਾਰ ਨੂੰ ਅਜਿਹਾ ਕਰਨਾ ਹੀ ਹੋਵੇਗਾ। ਨਵੇਂ ਐਮਪੀਜ਼ ਨਾਲ ਓਰੀਐਂਟੇਸ਼ਨ ਅਜੇ ਨਹੀਂ ਹੋਈ ਪਰ ਐਨਡੀਪੀ ਨੇ ਆਖਿਆ ਕਿ ਇਸ ਨੂੰ ਸਾਡੇ ਕਾਕਸ ਦਾ ਓਰੀਐਂਟੇਸ਼ਨ ਸੈਸ਼ਨ ਹੀ ਮੰਨਿਆ ਜਾਣਾ ਚਾਹੀਦਾ ਹੈ। ਪਾਰਟੀ ਵਿੱਚ ਕਈ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਜਦਕਿ ਚਿਰਾਂ ਤੋਂ ਚੱਲੇ ਆ ਰਹੇ ਕਈ ਐਮਪੀਜ਼ ਨੂੰ ਆਪਣੀਆਂ ਸੀਟਾਂ ਤੋਂ ਵੀ ਹੱਥ ਧੁਆਉਣੇ ਪਏ ਹਨ। ...ਬਾਕੀ ਪੰਨਾ 6 'ਤੇ

# ਮੌਕਾ ਮਿਲਣ ਉੱਤੇ ਸ਼ੀਅਰ ਉਸ ਨੂੰ ਸਾਂਭ ਨਹੀਂ ਸਕੇ : ਮੈਕੇਅ



ਓਟਵਾ, 30 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੂੰ 2019 ਦੀਆਂ ਚੋਣਾਂ ਵਿੱਚ ਮਿਲੀ ਹਾਰ ਪਿੱਛੇ ਕਈ ਕਾਰਨ ਸਨ ਪਰ ਗਰਭਪਾਤ ਤੇ ਸਮਲਿੰਗੀ ਵਿਆਹਾਂ ਸਬੰਧੀ ਗੱਲਬਾਤ ਵਰਗੇ ਮੁੱਦੇ ਇਨ੍ਹਾਂ ਵਿੱਚੋਂ ਕੁੱਝ ਸਨ ਜਿਹੜੇ ਐਂਡਰਿਊ ਸ਼ੀਅਰ ਨੂੰ ਲੈ ਡੁੱਬੇ। ਇਹ ਗੱਲ ਸ਼ੀਅਰ ਦੇ ਸਾਬਕਾ ਕੁਲੀਗ ਪੀਟਰ ਮੈਕੇਅ ਨੇ ਆਖੀ।

ਮੈਕੇਅ ਉਹ ਸਾਬਕਾ ਕੰਜ਼ਰਵੇਟਿਵ ਕੈਬਨਿਟ ਮੰਤਰੀ ਹਨ ਜਿਨ੍ਹਾਂ ਦਾ ਨਾਂ ਸ਼ੀਅਰ ਦੀ ਥਾਂ ਉੱਤੇ ਸੰਭਾਵੀ ਲੀਡਰ ਵਜੋਂ ਲਿਆ ਜਾ ਰਿਹਾ ਹੈ। ਅਪਰੈਲ ਵਿੱਚ ਹੋਣ ਵਾਲੇ ਲੀਡਰਸ਼ਿਪ ਮੁਲਾਂਕਣ ਦੇ ਜੋ ਵੀ ਨਤੀਜੇ ਨਿਕਲਣਗੇ ਉਨ੍ਹਾਂ ਤੋਂ ਪਹਿਲਾਂ ਹੀ ਲੀਡਰ ਦੇ ਅਹੁਦੇ ਲਈ ਮੈਕੇਅ ਨੂੰ ਸੰਭਾਵੀ ਉਮੀਦਵਾਰ ਵਜੋਂ ਵੇਖਿਆ ਜਾ ਰਿਹਾ ਹੈ। ਬੁੱਧਵਾਰ ਨੂੰ ਵਾਸ਼ਿੰਗਟਨ ਡੀਸੀ ਵਿੱਚ ਵਿਲਸਨ ਸੈਂਟਰ ਪੈਨਲ ਵਿੱਚ ਹਿੱਸਾ ਲੈਂਦਿਆਂ ਮੈਕੇਅ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਪ੍ਰਧਾਨ ਮੰਤਰੀ ਦੇ ਉਤਰਾਅ ਚੜ੍ਹਾਅ ਵਾਲੇ ਚਾਰ ਸਾਲਾਂ ਦੇ ਬਾਵਜੂਦ ਕੈਨੇਡੀਅਨਾਂ ਵੱਲੋਂ ਲਿਬਰਲਾਂ ਦੇ ਹੱਕ ਵਿੱਚ ਦਿੱਤੇ ਗਏ ਫਤਵੇ ਬਾਰੇ ਉਨ੍ਹਾਂ ਦੀ ਕੀ ਰਾਇ ਹੈ ਤਾਂ ਮੈਕੇਅ ਨੇ ਆਖਿਆ ਕਿ ਉਨ੍ਹਾਂ ਦਾ ਤਾਂ ਇਹੋ ਮੰਨਣਾ ਹੈ ਕਿ ਹੁਣ ਜਦੋਂ ਸਾਨੂੰ ਸੱਤਾ ਦੀ ਵਾਗਡੋਰ ਸਾਂਭਣ ਦਾ ਮੌਕਾ ਮਿਲ ਸਕਦਾ ਸੀ ਪਰ ਅਸੀਂ ਉਸ ਮੌਕੇ ਨੂੰ ਕਾਬੂ ਨਹੀਂ ਕਰ ਪਾਏ।

ਫਿਰ ਉਨ੍ਹਾਂ ਦੱਸਿਆ ਕਿ ਸ਼ੀਅਰ ਦੀ ਅਗਵਾਈ ਵਿੱਚ ਕੰਜ਼ਰਵੇਟਿਵਾਂ ਨੂੰ 49 ਸੀਟਾਂ ਨਾਲ ਹਾਰ ਮਿਲੀ। ਮੈਕੇਅ ਨੇ ਆਖਿਆ ਕਿ ਕੁੱਝ ਮੁੱਦੇ ਸਨ ਜਿਨ੍ਹਾਂ ਬਾਰੇ ਸਿਰਫ ਸਿਆਸਤਦਾਨਾਂ ਤੋਂ ਇਲਾਵਾ ਕੋਈ ਹੋਰ ਗੱਲ ਨਹੀਂ ਕਰਨੀ ਚਾਹੁੰਦਾ। ਮੈਕੇਅ ਨੇ ਆਖਿਆ ਕਿ ਜਦੋਂ ਮੌਕੇ ਮਿਲਿਆ ਤਾਂ ਇਨ੍ਹਾਂ ਮੁੱਦਿਆਂ ਨਾਲ ਸ਼ੀਅਰ ਨੇ ਸਖ਼ਤੀ ਨਾਲ ਨਹੀਂ ਨਜਿੱਠਿਆ। ਉਨ੍ਹਾਂ ਆਖਿਆ ਕਿ ਜਦੋਂ ਕੈਨੇਡੀਅਨ ਸ਼ੀਅਰ ਜਾਂ ਟਰੂਡੋ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਲਈ ਭੰਬਲਭੂਸੇ ਵਿੱਚ ਸਨ ਤਾਂ ਅਜਿਹੇ ਵਿੱਚ ਵੀ ਕੰਜ਼ਰਵੇਟਿਵਾਂ ਕੋਲ ਕੋਈ ਏਜੰਡਾ ਨਹੀਂ ਸੀ ਜਿਸ ਸਦਕਾ ਲੋਕ ਉਨ੍ਹਾਂ ਨਾਲ ਜੁੜ ਸਕਦੇ। ਮੈਕੇਅ ਨੇ ਆਖਿਆ ਕਿ ਸਾਡੇ ਸਾਬਕਾ ਪ੍ਰਧਾਨ ਮੰਤਰੀਆਂ ਵਿੱਚੋਂ ਹੀ ਇੱਕ ਦਾ ਕਹਿਣਾ ਹੈ ਕਿ ਚੋਣਾਂ ਅਜਿਹੇ ਅਹਿਮ ਮੁੱਦੇ ਵਿਚਾਰਨ ਲਈ ਨਹੀਂ ਹੁੰਦੀਆਂ। ਪਰ ਅਜਿਹਾ ਨਹੀਂ ਹੈ, ਚੋਣਾਂ ਵਿੱਚ ਹੀ ਅਜਿਹੇ ਮੁੱਦੇ ਵਿਚਾਰੇ ਜਾਂਦੇ ਹਨ। ਪਰ ਹੁਣ ਨੈੱਟ ਕਾਰਨ ਜਾਣਕਾਰੀ ਫੈਲਣ ਵਿੱਚ ਆਈ ਤੇਜ਼ੀ ਤੋਂ ਇਲਾਵਾ ਸੋਸ਼ਲ ਮੀਡੀਆ ਰਾਹੀਂ ਨਿੱਕੇ ਨਿੱਕੇ ਮੁੱਦੇ ਦੀ ਵਾਲ ਦੀ ਖਲ ਕੱਢੀ ਜਾਂਦੀ ਹੈ। ਐਂਡਰਿਊ ਸ਼ੀਅਰ ਦੀ ਕੈਂਪੇਨ ਨਾਲ ਕਿੱਥੇ ਗੜਬੜ ਹੋਈ ਇਸ ਬਾਰੇ ਵਿਸ਼ਲੇਸ਼ਣ ਦੌਰਾਨ ਬਾਰੀਕੀ ਨਾਲ ਅਧਿਐਨ ਕੀਤਾ ਜਾਵੇਗਾ।

# ਸਾਡੀ ਤਰਜੀਹ ਹੈਲਥ ਕੇਅਰ ਵਿੱਚ ਨਿਵੇਸ਼ ਕਰਨਾ ਹੋਣੀ ਚਾਹੀਦੀ ਹੈ ਕਟੌਤੀਆਂ ਕਰਨਾ ਨਹੀਂ : ਹੌਰਵਥ

ਕੁਈਨਜ਼ ਪਾਰਕ, 30 ਅਕਤੂਬਰ (ਪੋਸਟ ਬਿਊਰੋ) : ਐਨਡੀਪੀ ਦਾ ਕਹਿਣਾ ਹੈ ਕਿ ਬਰੈਂਪਟਨ ਦੇ ਪੀਲ ਮੈਮੋਰੀਅਲ ਹੈਲਥ ਸੈਂਟਰ ਵਿੱਚ 100 ਮਰੀਜ਼ਾਂ ਦੀ ਕੇਅਰ ਜੋਗਾ ਹੀ ਫੰਡ ਹੁੰਦਾ ਹੈ ਪਰ ਉੱਥੇ ਕੇਅਰ ਲਈ 500 ਤੋਂ ਜ਼ਿਆਦਾ ਲੋਕ ਆਉਂਦੇ ਹਨ। ਐਨਡੀਪੀ ਆਗੂ ਐਂਡਰੀਆ ਹੌਰਵਥ ਇਸ ਭੀੜ




ਭੜੱਕੇ ਤੇ ਹੈਲਥ ਕੇਅਰ ਨਾਲ ਜੁੜੇ ਉਡੀਕ ਦੇ ਸਮੇਂ ਵਿੱਚ ਕਟੌਤੀ ਕਰਨ ਲਈ ਕੋਈ ਰਾਹ ਲੱਭਣ ਵਾਸਤੇ ਸੰਘਰਸ਼ ਕਰ ਰਹੀ ਹੈ।

ਪਰ ਮੰਗਲਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਉਨ੍ਹਾਂ ਆਖਿਆ ਕਿ ਅਜਿਹੇ ਹੈਲਥ ਸੈਂਟਰਾਂ ਵਿੱਚ ਭੀੜ ਭੜੱਕਾ ਬਦ ਤੋਂ ਬਦਤਰ ਹੋ ਚੁੱਕਿਆ ਹੈ ਤੇ ਇਸ ਪਾਸੇ ਫੌਰੀ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth RIBO
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
• LIFE INSURANCE • MORTGAGE INSURANCE
• CRITICAL ILLNESS INS • DISABILITY INSURANCE
• TRAVEL INS • FUNERAL INSURANCE
• RESP & TFSA & RRSP
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

WE DESIGN & BUILD
ANGLECON CONSTRUCTION
Fully Insured | Team of licensed trades | Quality work & on-time insured
RESIDENTIAL: Custom homes, Home additions, Full home renovations, Legal basement
COMMERCIAL: New store design & build, Lease hold Improvements, Medical, offices, restaurants, retail & salon
FAST TRACK PERMIT & CONSTRUCTION 437.219.5009 info@anglecon.ca
BRAMPTON ◦ MISSISSAUGA ◦ ETOBICOKE ◦ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING CO LTD | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED
Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਹੋਇਆ ਸ਼ਾਂਤ ਜਿਹਾ ਬੈਠਾ ਨਵਜੋਤ ਸਿੱਧੂ,
ਸੱਦਾ ਦਿੱਤਾ ਫਿਰ ਭੇਜ ਇਮਰਾਨ ਮਿੱਤਰ।
ਬਾਬੇ ਨਾਨਕ ਦਾ ਆਇਆ ਹੈ ਪੁਰਬ ਨੇੜੇ,
ਸਾਰਿਆਂ ਕਿਹਾ ਹੈ ਦਿਵਸ ਮਹਾਨ ਮਿੱਤਰ।
ਆਊ ਦਿੱਲੀ ਤੋਂ ਚੱਲ ਮਨਮੋਹਨ ਸੋਂਹ ਵੀ,
ਨਾਲੇ ਆਉਣਾ ਈ ਆਪ ਕਪਤਾਨ ਮਿੱਤਰ।
ਘੱਲਿਆ ਸੱਦਾ ਇਮਰਾਨ ਕਿ ਭਾਈ ਸਿੱਧੂ,
ਛੱਡ ਕੇ ਸੁਸਤੀਆਂ, ਚੁੱਕ ਸਾਮਾਨ ਮਿੱਤਰ।
ਬਸਤਾ ਕਹਿੰਦੇ ਆ ਸਿੱਧੂ ਤਿਆਰ ਕਰਿਆ,
ਲੱਗ ਪਿਆ ਦੇਣ ਜੀ ਮੁੱਛਾਂ ਨੂੰ ਵੱਟ ਮਿੱਤਰ।
ਲੱਗੀ ਦਿੱਲੀ ਵਿਚਾਰ ਇਹ ਕਰਨ ਸੁਣਿਆ,
ਅਗਲੀ ਮਾਰਨੀ ਕਿੱਦਾਂ ਕੋਈ ਸੱਟ ਮਿੱਤਰ।

**ਤੀਸ ਮਾਰ ਖਾਂ**

# ਨਵਜੋਤ ਸਿੰਘ ਸਿੱਧੂ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਲੋਂ ਫਿਰ ਸੱਦਾ

ਨਵੀਂ ਦਿੱਲੀ, 30 ਅਕਤੂਬਰ, (ਪੋਸਟ ਬਿਊਰੋ)- ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਉਦਘਾਟਨ ਸਮਾਗਮ ਲਈ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਭਾਰਤੀ ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਭੇਜਿਆ ਹੈ। ਪਤਾ ਲੱਗਾ ਹੈ ਕਿ ਨਵਜੋਤ ਸਿੰਘ ਸਿੱਧੂ ਨੂੰ ਇਹ ਸੱਦਾ ਇਮਰਾਨ ਖ਼ਾਨ ਦਾ ਪਾਰਟੀ ਤਹਿਰੀਕ-ਏ-ਇਨਸਾਫ਼ ਵਲੋਂਭੇਜਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਸੰਬੰਧ ਵਿੱਚ ਤਹਿਰੀਕ-ਏ-ਇਨਸਾਫ ਪਾਰਟੀ ਦੇ ਸੈਨੇਟਰ ਫ਼ੈਜਲ ਜਾਵੇਦ ਖ਼ਾਨ ਨੇ ਇਮਰਾਨ ਖ਼ਾਨ ਦੇ ਕਹਿਣ ਉੱਤੇ ਨਵਜੋਤ ਸਿੰਘ ਸਿੱਧੂ ਨਾਲ ਫ਼ੋਨ ਉੱਤੇ ਗੱਲਬਾਤ ਕਰ ਕੇ ਉਨ੍ਹਾਂ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਹੈ। ਇਸ ਦੇ ਬਾਅਦ ਅੰਮ੍ਰਿਤਸਰ ਵਿੱਚ ਚਰਚਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਜਾਣ ਵਾਸਤੇ ਹਾਮੀ ਭਰ ਦਿੱਤੀ ਹੈ, ਪਰ ਇਸ ਸੰਬੰਧ ਵਿੱਚ ਮੁਕੰਮਲ ਜਾਣਕਾਰੀ ਅਜੇ ਨਹੀਂ ਮਿਲੀ, ਸਿਰਫ ਮੀਡੀਆ ਦੀਆਂ ਰਿਪੋਰਟਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਿੱਧੂ ਨੇ ਆਪਣੇ ਮਿੱਤਰ ਇਮਰਾਨ ਖ਼ਾਨ ਦਾ ਸੱਦਾ ਪ੍ਰਵਾਨ ਕਰ ਲਿਆ ਹੈ।

### * ਸਿੱਧੂ ਵੱਲੋਂ ਸੱਦਾ ਪ੍ਰਵਾਨ ਕਰਨ ਦੇ ਚਰਚੇ



ਵਰਣਨ ਯੋਗ ਹੈ ਕਿ 9 ਨਵੰਬਰ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘੇ ਦਾ ਪਾਕਿਸਤਾਨ ਵਾਲੇ ਪਾਸਿਓਂ ਉਦਘਾਟਨ ਹੋਣਾ ਹੈ। ਇਸ ਸਮਾਗਮ ਵਿੱਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਜਾਣ ਵਾਲੇ ਹਨ, ਪਰ ਉਨ੍ਹਾਂ ਨੇ ਵੀ ਇਹ ਸਪਸ਼ਟ ਨਹੀਂ ਕੀਤਾ ਕਿ ਸ਼ਰਧਾਲੂ ਵਜੋਂ ਜਾ ਰਹੇ ਹਨ ਜਾਂ ਪਾਕਿਸਤਾਨ ਦੇ ਸੱਦੇ ਉੱਤੇ ਜਾਣਗੇ।

ਇਸ ਤੋਂ ਪਹਿਲਾਂ ਜਦੋਂ ਇਮਰਾਨ ਖ਼ਾਨ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣੀ ਸੀ ਤਾਂ ਉਸ ਵਕਤ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਗਏ ਸਨ ਅਤੇ ਓਥੇ ਉਨ੍ਹਾਂ ਨੂੰ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਬਾਜਵਾ ਨੇ ਜੱਫੀ ਪਾ ਲਈ ਸੀ, ਜਿਸ ਨਾਲ ਭਾਰਤੀ ਰਾਜਨੀਤੀ ਵਿਚ ਤੂਫਾਨ ਆ ਗਿਆ ਸੀ। ਸਿੱਧੂ ਨੇ ਇਸ ਬਾਰੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਨੇ ਜੱਫੀ ਨਹੀਂ ਸੀ ਪਾਈ, ਬਾਜਵਾ ਖੁਦ ਆਇਆ ਅਤੇ ਉਨ੍ਹਾਂ ਨੂੰ ਜੱਫੀ ਪਾਈ ਸੀ।

ਬੀਤੇ ਦਿਨੀਂ ਭਾਰਤ ਦੀ ਪੰਜਾਬ ਸਰਕਾਰ ਨੇ ਪਾਕਿਸਤਾਨ ਭੇਜੇ ਜਾ ਰਹੇ 31 ਮੈਂਬਰੀ ਵਫ਼ਦ ਵਿਚ ਵਿਧਾਇਕ ਵਜੋਂਵੀ ਨਵਜੋਤ ਸਿੰਘ ਸਿੱਧੂ ਦਾ ਨਾਂ ਸ਼ਾਮਲ ਨਹੀਂ ਸੀ ਕੀਤਾ। ਇਸ ਵਫ਼ਦ ਵਿੱਚ ਪੰਜਾਬ ਦੇ ਪੰਜ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਓਮ ਪ੍ਰਕਾਸ਼ ਸੋਨੀ ਤੇ ਬਲਬੀਰ ਸਿੰਘ ਸਿੱਧੂ ਦੇ ਨਾਲ ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਤੇ ਗੁਰਜੀਤ ਸਿੰਘ ਔਜਲਾ (ਦੋਵੇਂ ਕਾਂਗਰਸੀ), ਪੰਜਾਬ ਵਿਧਾਨ ਸਭਾ ਵਿੱਚਵਿਰੋਧੀ ਧਿਰ ਦੇ ਨੇਤਾ ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਪਾਲ ਸਿੰਘ ਚੀਮਾ, ਵਿਧਾਨ ਸਭਾ ਵਿੱਚ ਅਕਾਲੀ ਦਲ ਦੇ ਵਿਧਾਇਕ ਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ, ਪੰਜਾਬ ਦੇ 9 ਆਈ ਏ ਐਸ ਅਤੇ ਆਈ ਪੀ ਐਸ ਅਫ਼ਸਰ ਅਤੇ ਵੱਖ-ਵੱਖ ਅਦਾਰਿਆਂ ਦੇ ਕੁਝ ਪੱਤਰਕਾਰ ਸ਼ਾਮਲ ਕੀਤੇ ਗਏ ਸਨ।

# ਵੈਸਟਨ ਦੇ ਘਰ ਉੱਤੇ ਚੱਲੀਆਂ ਗੋਲੀਆਂ, ਦੋ ਜ਼ਖ਼ਮੀ

ਵੈਸਟਨ, 30 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਵੈਸਟਨ ਸਥਿਤ ਇੱਕ ਘਰ ਵਿੱਚ ਚੱਲੀ ਗੋਲੀ ਕਾਰਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਜਿਨ੍ਹਾਂ ਵਿੱਚੋਂ ਮਹਿਲਾ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਹੈ ਤੇ ਪੁਰਸ਼ ਗੰਭੀਰ ਜ਼ਖ਼ਮੀ ਹੈ।

ਪੁਲਿਸ ਨੇ ਦੱਸਿਆ ਕਿ ਇਹ ਦੋਵੇਂ ਵੈਸਟਨ ਰੋਡ ਐਂਡ ਲਾਰੈਂਸ ਐਵਨਿਊ ਵੈਸਟ ਇਲਾਕੇ ਵਿੱਚ ਕੌਨਰੌਨ ਪਲੇਸ ਸਥਿਤ ਇੱਕ ਘਰ ਦੀ ਜ਼ਮੀਨੀ ਮੰਜ਼ਿਲ ਉੱਤੇ ਹੀ ਸਨ ਕਿ 12:40 ਉੱਤੇ ਦੋ ਨਕਾਬਪੋਸ਼ ਵਿਅਕਤੀਆਂ ਨੇ ਉਨ੍ਹਾਂ ਦੇ ਘਰ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਡਿਊਟੀ ਇੰਸਪੈਕਟਰ ਮਨਦੀਪ ਮਾਨ ਨੇ ਆਖਿਆ ਕਿ ਇਸ ਗੋਲੀਕਾਂਡ ਵਿੱਚ ਗੋਲੀਆਂ ਪੁਰਸ਼ ਤੇ ਮਹਿਲਾ ਦੋਵਾਂ ਨੂੰ ਹੀ ਲੱਗੀਆਂ। ਉਨ੍ਹਾਂ ਦੱਸਿਆ ਕਿ ਗੋਲੀਆਂ ਘਰ ਦੇ ਦਰਵਾਜ਼ੇ ਤੇ ਖਿੜਕੀਆਂ ਤੋਂ ਚਲਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਮਸ਼ਕੂਕਾਂ ਨੇ ਸਿਆਹ ਰੰਗ ਦੇ ਕੱਪੜੇ ਪਾਏ ਹੋਏ ਸਨ ਤੇ ਉਹ ਵੈਸਟਨ ਰੋਡ ਵੱਲ ਪੱਛਮ ਵੱਲ ਭੱਜ ਗਏ। ਜ਼ਖ਼ਮੀਆਂ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਮਹਿਲਾ ਦੀ ਹਾਲਤ ਨਾਜ਼ੁਕ ਹੈ ਤੇ 71 ਸਾਲਾ ਪੁਰਸ਼ ਦੀ ਹਾਲਤ ਗੰਭੀਰ ਪਰ ਸਥਿਰ ਬਣੀ ਹੋਈ ਹੈ। ਜਾਂਚਕਾਰਾਂ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਇਹ ਗੋਲੀਆਂ ਕਿਸੇ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਉਣ ਲਈ ਚਲਾਈਆਂ ਗਈਆਂ ਸਨ। ਮਾਨ ਨੇ ਦੱਸਿਆ ਕਿ ਦੋਵੇਂ ਜ਼ਖ਼ਮੀ ਵਿਅਕਤੀ ਇੱਕ ਦੂਜੇ ਨਾਲ ਸਬੰਧਤ ਨਹੀਂ ਹਨ।



# ਹਾਦਸੇ ਵਿੱਚ ਬਜ਼ੁਰਗ ਦੀ ਮੌਤ, ਦੋ ਜਣੇ ਜ਼ਖਮੀ

ਕਰਤਾਰਪੁਰ, 30 ਅਕਤੂਬਰ (ਪੋਸਟ ਬਿਊਰੋ)- ਕਪੂਰਥਲਾ-ਕਰਤਾਰਪੁਰ ਰੋਡ 'ਤੇ ਪਿੰਡ ਖੁਸਰੋਪੁਰ ਨੇੜੇ ਆਲਟੋ ਕਾਰ, ਮਹਿੰਦਰਾ ਬਲੈਰੋ ਗੱਡੀ ਤੇ ਐਕਟਿਵਾ ਦੇ ਸੜਕੀ ਹਾਦਸੇ ਵਿੱਚ ਬਜ਼ੁਰਗ ਔਰਤ ਦੀ ਮੌਤ ਹੋ ਗਈ, ਜਦ ਕਿ ਦੋ ਵਿਅਕਤੀ ਜ਼ਖਮੀ ਹੋ ਗਏ। ਇਸ ਦੀ ਸੂਚਨਾ ਮਿਲਦੇ ਸਾਰ ਥਾਣਾ ਕਰਤਾਰਪੁਰ ਦੇ ਪੁਲਸ ਅਧਿਕਾਰੀ ਕਾਬਲ ਸਿੰਘ ਮੌਕੇ ਤੇ ਪੁੱਜੇ ਅਤੇ ਨੁਕਸਾਨੀਆਂ ਗੱਡੀਆਂ ਨੂੰ ਕਬਜ਼ੇ 'ਚ ਲੈਂਦੇ ਹੋਏ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ਾਮ ਕਰੀਬ ਪੰਜ ਵਜੇ ਕਰਤਾਰਪੁਰ ਦੇ ਪਿੰਡ ਖੁਸਰੋਪੁਰ ਨੇੜੇ ਇਸ ਸੜਕੀ ਹਾਦਸੇ 'ਚ ਐਕਟਿਵਾ ਸਵਾਰ ਬਜ਼ੁਗਰ ਔਰਤ ਪਿਆਰੀ ਪਤਨੀ ਗਿਆਨ ਚੰਦ ਪਿੰਡ ਪੱਤੜ ਕਲਾਂ ਆਪਣੇ ਪੁੱਤਰ ਕੁਲਦੀਪ ਸਿੰਘ ਦੇ ਨਾਲ ਕਿਸੇ ਕੰਮ ਜਾ ਰਹੀ ਸੀ। ਇਸ ਦੌਰਾਨ ਆਲਟੋ ਬਲੈਰੋ ਦੀ ਲਪੇਟ ਵਿੱਚ ਆਉਣ 'ਤੇ ਬਜ਼ੁਰਗ ਔਰਤ ਪਿਆਰੀ ਦੀ ਮੌਤ ਹੋ ਗਈ ਅਤੇ ਉਸ ਦੇ ਪੁੱਤਰ ਕੁਲਦੀਪ ਸਿੰਘ ਗੰਭੀਰ ਸੱਟਾਂ ਲਗੀਆਂ।

# ਚਾਰ ਸਾਲ ਮ੍ਰਿਤਕ ਪਿਤਾ ਨੂੰ ਮੈਸੇਜ ਕਰਦੀ ਰਹੀ ਧੀ ਨੂੰ ਇੱਕ ਦਿਨ ਅੱਗੋਂ ਮੈਸੇਜ ਆ ਗਿਆ

ਵਾਸ਼ਿੰਗਟਨ, 30 ਅਕਤੂਬਰ (ਪੋਸਟ ਬਿਊਰੋ)- ਪਿਤਾ ਦੀ ਅਚਾਨਕ ਮੌਤ ਦਾ ਸਦਮਾ ਸਭ ਨੂੰ ਦੁਖੀ ਕਰਦਾ ਹੈ। ਕੁਝ ਲੋਕ ਫਿਰ ਸਭ ਕੁਝ ਭੁੱਲ ਕੇ ਅੱਗੇ ਜ਼ਿੰਦਗੀ ਜੀਉਣ ਲੱਗਦੇ ਹਨ, ਪਰ ਕੁਝ ਲੋਕ ਸਦਮੇ ਨੂੰ ਕਦੇ ਭੁਲਾ ਨਹੀਂ ਪਾਉਂਦੇ।

ਇਹੀ ਹੋਇਆ ਅਮਰੀਕਾ ਦੇ ਅਰਕਾਂਸਸ ਵਿੱਚ ਰਹਿਣ ਵਾਲੀ ਮਹਿਲਾ ਨਾਲ। ਉਸ ਨੇ ਚਾਰ ਸਾਲ ਪਹਿਲਾਂ ਆਪਣੇ ਪਿਤਾ ਦੀ ਮੌਤ ਝੱਲੀ, ਪਰ ਉਹ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣ ਲਈ ਉਨ੍ਹਾਂ ਦੇ ਮੋਬਾਈਲ ਨੰਬਰ ਉੱਤੇ ਰੋਜ਼ ਇੱਕ ਮੈਸੇਜ ਭੇਜਦੀ ਰਹੀ। ਪਿਤਾ ਦੀ ਮੌਤ ਤੋਂ ਬਾਅਦ ਚਾਰ ਸਾਲ ਅਜਿਹਾ ਕਰਦੀ ਰਹੀ, ਪਰ ਇੱਕ ਦਿਨ ਅਚਾਨਕ ਉਸ ਦੇ ਪਿਤਾ ਦੇ ਨੰਬਰ ਤੋਂ ਰਿਪਲਾਈ ਆਇਆ, ਜਿਸ ਨੂੰ ਵੇਖ ਕੇ ਉਹ ਹੈਰਾਨ ਰਹਿ ਗਈ।

ਅਸਲ ਵਿੱਚ 24 ਅਕਤੂਬਰ ਨੂੰ 23 ਸਾਲ ਦਾ ਚੈਸਟਿਟੀ ਪੈਟਰਸਨ ਦੇ ਪਿਤਾ ਦੀ ਚੌਥੀ ਬਰਸੀ ਸੀ। ਰੋਜ਼ ਦੀ ਤਰ੍ਹਾਂ ਉਸ ਨੇ ਉਸ ਦਿਨ ਵੀ ਆਪਣੇ ਮ੍ਰਿਤਕ ਪਿਤਾ ਦੇ ਨੰਬਰ ਉੱਤੇ ਮੈਸੇਜ ਕੀਤਾ, ਜਿਸ ਵਿੱਚ ਉਸ ਨੇ ਲਿਖਿਆ, ਹੈਲੋ ਡੈਡ, ਇਹ ਮੈਂ ਹਾਂ। ਕੱਲ੍ਹ ਦਾ ਦਿਨ ਫਿਰ ਬਹੁਤ ਮੁਸ਼ਕਿਲ ਭਰਿਆ ਹੋਣ ਵਾਲਾ ਹੈ। ਤੁਹਾਨੂੰ ਗਏ ਚਾਰ ਸਾਲ ਹੋ ਗਏ, ਪਰ ਇੱਕ ਵੀ ਦਿਨ ਅਜਿਹਾ ਨਹੀਂ ਜਾਂਦਾ, ਜਦੋਂ ਮੈਂ ਤੁਹਾਨੂੰ ਯਾਦ ਨਹੀਂ ਕਰਦੀ। ਮੈਨੂੰ ਮਾਫ ਕਰ ਦਿਓ, ਕਿਉਂਕਿ ਜਦੋਂ ਤੁਹਾਨੂੰ ਮੇਰੀ ਸਭ ਤੋਂ ਜ਼ਿਆਦਾ ਜ਼ਰੂਰਤ ਸੀ, ਉਸ ਵੇਲੇ ਮੈਂ ਤੁਹਾਡੇ ਕੋਲ ਨਹੀਂ ਸੀ।

ਚੈਸਟਟੀ ਨੇ ਇੱਕ ਬਹੁਤ ਵੱਡਾ ਮੈਸੇਜ ਕੀਤਾ, ਜਿਸ ਵਿੱਚ ਉਸ ਨੇ ਆਪਣੇ ਗਰੈਜੂਏਸ਼ਨ ਤੇ ਕੈਂਸਰ ਨੂੰ ਮਾਤ ਦੇਣ ਦਾ ਵੀ ਜ਼ਿਕਰ ਕੀਤਾ, ਪਰ ਹਰ ਵਾਰ ਦੀ ਤਰ੍ਹਾਂ ਇਸ ਵਾਰ ਉਸ ਦਾ ਮੈਸੇਜ ਖਾਲੀ ਨਹੀਂ ਗਿਆ, ਉਸ ਦੇ ਮ੍ਰਿਤਕ ਪਿਤਾ ਦੇ ਨੰਬਰ ਤੋਂ ਉਸ ਦੇ ਮੈਸੇਜ ਦਾ ਰਿਪਲਾਈ ਆਇਆ, ਜੋ ਬਹੁਤ ਹੈਰਾਨੀ ਜਨਕ ਅਤੇ ਭਾਵੁਕ ਕਰਨ ਵਾਲਾ ਸੀ। ਚੈਸਟਟੀ ਦੇ ਮੈਸੇਜ ਦਾ ਜੋ ਰਿਪਲਾਈ ਆਇਆ, ਉਸ ਵਿੱਚ ਲਿਖਿਆ ਸੀ, 'ਹਾਏ ਸਵੀਟਹਾਰਟ, ਮੈਂ ਤੁਹਾਡਾ ਪਿਤਾ ਨਹੀਂ, ਪਰ ਪਿਛਲੇ ਚਾਰ ਸਾਲ ਵਿੱਚ ਤੁਸੀਂ ਜੋ ਵੀ ਮੈਸੇਜ ਭੇਜੇ, ਉਹ ਸਭ ਮੈਨੂੰ ਮਿਲੇ। ਮੇਰਾ ਨਾਮ ਬਰੈਡ ਹੈ ਤੇ ਅਗਸਤ 2014 ਵਿੱਚ ਇੱਕ ਕਾਰ ਦੁਰਘਟਨਾ ਵਿੱਚ ਮੇਰੀ ਧੀ ਦੀ ਮੌਤ ਹੋਈ ਸੀ। ਤੁਹਾਡੇ ਭੇਜੇ ਮੈਸੇਜ ਮੈਨੂੰ ਜ਼ਿੰਦਾ ਰੱਖਦੇ ਹਨ। ਜਦੋਂ ਵੀ ਤੁਸੀਂ ਮੈਸੇਜ ਕਰਦੇ ਹੋ ਤਾਂ ਮੈਨੂੰ ਲੱਗਦਾ ਹੈ ਕਿ ਇਹ ਭਗਵਾਨ ਦਾ ਭੇਜਿਆ ਹੋਇਆ ਇੱਕ ਸੁਨੇਹਾ ਹੈ।

ਬਰੈਡ ਨੇ ਮੈਸੇਜ ਵਿੱਚ ਅੱਗੇ ਲਿਖਿਆ ਹੈ, ਮੈਂ ਸਾਲਾਂ ਤੋਂ ਤੁਹਾਡੇ ਮੈਸੇਜ ਪੜ੍ਹਦਾ ਰਿਹਾ ਹਾਂ। ਮੈਂ ਤੁਹਾਨੂੰ ਅੱਗੇ ਵੱਧਦੇ ਦੇਖਿਆ ਹੈ। ਮੈਂ ਤੁਹਾਡੇ ਮੈਸੇਜ ਦਾ ਕੁਝ ਸਮਾਂ ਪਹਿਲਾਂ ਰਿਪਲਾਈ ਕਰਨਾ ਚਾਹੁੰਦਾ ਸੀ, ਪਰ ਮੈਂ ਤੁਹਾਡਾ ਦਿਲ ਤੋੜਨਾ ਨਹੀਂ ਚਾਹੁੰਦਾ ਸੀ। ਤੁਸੀਂ ਇੱਕ ਅਸਾਧਾਰਨ ਔਰਤ ਹੋ ਤੇ ਜੇ ਅੱਜ ਮੇਰੀ ਧੀ ਹੁੰਦੀ ਤਾਂ ਬਿਲਕੁੱਲ ਤੁਹਾਡੀ ਤਰ੍ਹਾਂ ਹੁੰਦੀ। ਹਰ ਦਿਨ ਅਪਡੇਟਸ ਦੇਣ ਲਈ ਤੁਹਾਡਾ ਧੰਨਵਾਦ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ Pain-Care Ext. Use Only Joint Support $9.99
ਮਰਦਾਂ ਲਈ He-Oil For Men Only $19.99
Stress-Care Feel Relaxed $9.99
ਔਰਤਾਂ ਲਈ Chest Massage Oil $14.99
GNR Herbal Products
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਿਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST NOW HIRING! SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਪੰਜਾਬ ਸਰਕਾਰ ਨੇ ਚੰਡੀਗੜ੍ਹ ਸ਼ਹਿਰ ਉੱਤੇ ਆਪਣਾ ਹੱਕ ਨਾ ਹੋਣਾ ਹਾਈ ਕੋਰਟ ਵਿੱਚ ਮੰਨ ਲਿਆ

## ਰਾਜ ਸਰਕਾਰ ਨੇ ਚੰਡੀਗੜ੍ਹ ਨੂੰ ਸਿਰਫ਼ ਰਾਜਧਾਨੀ ਮੰਨਿਆ

ਚੰਡੀਗੜ੍ਹ, 30 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇਕ ਪਟੀਸ਼ਨ ਉੱਤੇ ਸੁਣਵਾਈ ਦੇ ਦੌਰਾਨ ਪੰਜਾਬ ਸਰਕਾਰ ਨੇ ਐਫੀਡੇਵਿਟਪੇਸ਼ ਕਰ ਕੇ ਮੰਨਿਆ ਹੈ ਕਿ ਚੰਡੀਗੜ੍ਹ ਉੱਤੇ ਪੰਜਾਬ ਦਾ ਕੋਈ ਅਧਿਕਾਰ ਜਾਂ ਹੱਕ ਨਹੀਂ ਹੈ, ਇਹ ਸਿਰਫ਼ ਪੰਜਾਬ ਦੀ ਰਾਜਧਾਨੀ ਹੈ, ਇਸ ਤੋਂਵੱਧ ਕੋਈ ਸੰਬੰਧਨਹੀਂ।

ਕੇਸ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰਵਲੋਂਪੇਸ਼ ਹੋਏ ਐਡੀਸ਼ਨਲ ਐਡਵੋਕੇਟ ਜਨਰਲ ਨੇ ਐਫੀਡੇਵਿਟ ਪੇਸ਼ ਕੀਤਾ ਤੇ ਸਾਲ 1966 ਵਿੱਚਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪ੍ਰਧਾਨਗੀ ਹੇਠ ਕੈਬਨਿਟ ਬੈਠਕ ਦਾ ਪਾਸ ਕੀਤਾ ਗਿਆ ਬਿੱਲ ਵੀ ਪੇਸ਼ ਕੀਤਾ, ਜਿਸ ਵਿੱਚਇਹ ਗੱਲ ਸਪੱਸ਼ਟ ਕੀਤੀ ਗਈ ਹੈ ਕਿ ਚੰਡੀਗੜ੍ਹ ਸਿਰਫ਼ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਰਹੇਗੀ, ਦੋਵਾਂ ਰਾਜਾਂ ਦਾ ਉਸ ਉੱਤੇ ਕੋਈ ਅਧਿਕਾਰ ਨਹੀਂ ਹੋਵੇਗਾ ਅਤੇ ਇਹ ਕੇਂਦਰੀ ਸ਼ਾਸਤ ਪ੍ਰਦੇਸ਼ (ਯੂਟੀ)ਬਣਿਆ ਰਹੇਗਾ। ਇਸ ਫੈਸਲੇ ਦਾ ਬਾਅਦ ਵਿੱਚ ਨੋਟੀਫਿਕੇਸ਼ਨ ਵੀ ਜਾਰੀ ਹੋਇਆ ਸੀ।

ਵਰਨਣ ਯੋਗ ਹੈ ਕਿ ਉਸ ਵਕਤ ਪੰਜਾਬ ਦਾ ਹਿੱਸਾ ਰਹੇਚੰਡੀਗੜ੍ਹ ਬਾਰੇ 1966 ਵਿੱਚ ਸ਼ਿਆਮ ਕ੍ਰਿਸ਼ਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਬਾਅਦ ਮਨੀਮਾਜਰਾ ਅਤੇ ਚੰਡੀਗੜ੍ਹ ਨੂੰ ਮਿਲਾ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਐਲਾਨ ਕੀਤਾ ਗਿਆ ਸੀ। ਨਵੇਂ ਐਕਟ ਦੇ ਨੋਟੀਫਿਕੇਸ਼ਨ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਚੰਡੀਗੜ੍ਹ ਸਿਰਫ਼ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਰਹੇਗਾ, ਦੋਵਾਂ ਵਿੱਚੋਂ ਕਿਸੇ ਵੀ ਰਾਜ ਦਾ ਇਸ ਸ਼ਹਿਰ ਚੰਡੀਗੜ੍ਹ ਉੱਤੇ ਅਧਿਕਾਰ ਨਹੀਂ ਰਹੇਗਾ।



ਹਰਿਆਣਾ ਸਰਕਾਰ ਦੇ ਐਡਵੋਕੇਟ ਜਨਰਲ ਨੇ ਪਿਛਲੀ ਤਰੀਕ ਵੇਲੇ ਕੋਰਟ ਵਿੱਚ ਐਫੀਡੇਵਿਟ ਪੇਸ਼ ਕਰ ਕੇ ਇਸ ਸ਼ਹਿਰ ਉੱਤੇ ਅਧਿਕਾਰ ਤੋਂ ਇਨਕਾਰ ਕਰ ਦਿੱਤਾ ਸੀ। ਇਨ੍ਹਾਂ ਦੋਵਾਂ ਰਾਜਾਂ ਤੋਂ ਇਲਾਵਾ ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਬਾਰੇ ਐਫੀਡੇਵਿਟ ਪੇਸ਼ ਕਰ ਕੇ ਹਾਈ ਕੋਰਟ ਨੂੰ ਦੱਸਿਆ ਕਿ ਚੰਡੀਗੜ੍ਹ ਦਾ ਆਪਣਾ ਜੁਡੀਸ਼ਰੀ ਕਾਡਰ ਨਹੀਂ, ਸਗੋਂ ਇਸ ਵਿੱਚ ਪੰਜਾਬ ਅਤੇ ਹਰਿਆਣਾ ਕਾਡਰ ਨਾਲ ਹੀ ਕੰਮ ਚਲਾਇਆ ਜਾਂਦਾ ਹੈ।

ਇਸ ਕੇਸ ਵਿੱਚ ਚੰਡੀਗੜ੍ਹ ਦੇ ਵਾਸੀ ਫੂਲ ਸਿੰਘ, ਜਿਹੜੇਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਹਨ ਤੇ ਜਿਨ੍ਹਾਂ ਨੇ ਡਿਸਟ੍ਰਿਕਟ ਜੱਜ ਲਈ ਅਰਜ਼ੀ ਦਿੱਤੀ ਸੀ, ਨੇ ਪਟੀਸ਼ਨ ਕੀਤੀ ਹੋਈ ਹੈ। ਉਹ ਪੰਜਾਬ ਤੇ ਹਰਿਆਣਾ ਵਿੱਚ ਮੈਰਿਟ ਵਿੱਚ ਆਉਂਦੇ ਰਹੇ, ਪਰ ਦੋਵੇਂ ਰਾਜ ਇਹ ਕਹਿੰਦੇ ਸਨ ਕਿ ਉਹ ਉਨ੍ਹਾਂ ਦੇ ਰਾਜ ਦਾ ਹਿੱਸਾ ਨਹੀਂ। ਪਟੀਸ਼ਨਰ ਨੇ ਸੁਪਰੀਮ ਕੋਰਟ ਦੇ ਇਕ ਫੈਸਲੇ ਦਾ ਹਵਾਲਾ ਦਿੱਤਾ ਸੀ, ਜਿਸ ਵਿੱਚ ਐੱਮ ਬੀ ਏ ਦੇ ਇਕ ਵਿਦਿਆਰਥੀ, ਜਿਸ ਨੇ ਚੰਡੀਗੜ੍ਹ ਤੋਂ 12ਵੀਂ ਜਮਾਤ ਪਾਸ ਕੀਤੀ ਸੀ ਅਤੇ ਜਿਹੜੀ ਪੰਜਾਬ ਵਿੱਚ ਯੋਗ ਨਹੀਂ ਮੰਨੀ ਜਾਂਦੀ ਸੀ, ਉਸ ਬਾਰੇ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਤੇ ਪੰਜਾਬ ਦਾ ਹਿੱਸਾ ਹੈ, ਇਸ ਲਈ ਉਹ ਪੰਜਾਬ ਮੈਡੀਕਲ ਕਾਲਜ ਵਿੱਚ ਦਾਖਲੇ ਦੇ ਯੋਗ ਮੰਨਿਆ ਜਾਵੇਗਾ। ਇਨ੍ਹਾਂ ਹੁਕਮਾਂ ਨੂੰ ਆਧਾਰ ਬਣਾ ਕੇ ਫੂਲ ਸਿੰਘ ਨੇ ਪਟੀਸ਼ਨ ਦਾਇਰ ਕੀਤੀ ਹੈ, ਜਿਸ ਉੱਤੇ ਹਾਈ ਕੋਰਟ ਨੇ ਪੰਜਾਬ ਤੇ ਹਰਿਆਣਾ ਦੋਵਾਂ ਸਰਕਾਰਾਂ ਨੂੰ ਕਿਹਾ ਸੀ ਕਿ ਉਹ ਕੋਈ ਨੋਟੀਫਿਕੇਸ਼ਨ ਜਾਂ ਕਾਗਜ਼ ਦਿਖਾਉਣ, ਜਿਸ ਤੋਂ ਸਾਫ ਹੋਵੇ ਕਿ ਚੰਡੀਗੜ੍ਹ ਹਰਿਆਣਾ ਜਾਂ ਪੰਜਾਬ ਦੀ ਰਾਜਧਾਨੀ ਹੈ।ਹਾਈ ਕੋਰਟ ਵਿੱਚਪੇਸ਼ਸਬੂਤਾਂ ਮਗਰੋਂਸਥਿਤੀ ਇੰਜ ਹੈ ਕਿ ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਰਹੇਗਾ, ਜਿਸ ਉੱਤੇ ਪੰਜਾਬ ਜਾਂ ਹਰਿਆਣਾ ਦਾ ਅਧਿਕਾਰ ਨਹੀਂਹੈ। ਦੋਵੇਂ ਰਾਜ ਆਪੋ ਆਪਣੀਰਿਜ਼ਰਵੇਸ਼ਨ ਤੈਅ ਕਰਨਗੇ। ਇਹ ਕਹਿ ਕੇ ਹਾਈ ਕੋਰਟ ਨੇ ਇਕ ਤਰ੍ਹਾਂ ਮਾਮਲਾ ਨਿਬੇੜ ਦਿੱਤਾ ਹੈ।

# ਫੂਲਕਾ ਵੱਲੋਂ ਦੋਸ਼: ਅਕਾਲੀ ਦਲ ਦੇ ਆਗੂ ਐੱਸ ਜੀ ਪੀ ਸੀ ਚੋਣਾਂ ਨਹੀਂ ਹੋਣ ਦੇਂਦੇ

## ਅਕਾਲੀ ਆਗੂਆਂ ਉੱਤੇ ਚੋਣਾਂ ਰੋਕਣ ਲਈ ਦਬਾਅ ਪਾਉਣ ਦਾ ਦੋਸ਼

ਨਵੀਂ ਦਿੱਲੀ, 30 ਅਕਤੂਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਉਸ ਬਿਆਨ ਦਾ ਜਵਾਬ ਦਿੱਤਾ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਅਜੇ ਐੱਸ ਜੀ ਪੀ ਸੀ ਚੋਣਾਂ ਦਾ ਸਮਾਂ ਨਹੀਂ ਆਇਆ। ਫੂਲਕਾ ਨੇ ਕਿਹਾ ਕਿ ਸਮਾਂ ਹੋ ਚੁੱਕਾ ਹੈ, ਪਰ ਅਕਾਲੀ ਆਗੂ ਕੇਂਦਰ ਸਰਕਾਰ ਉੱਤੇ ਦਬਾਅ ਪਾ ਕੇ ਗੁਰਦੁਆਰਾ ਚੋਣਾਂ ਨਹੀਂ ਹੋਣ ਦੇ ਰਹੇ।

ਵਰਨਣ ਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਐੱਸ ਜੀ ਪੀ ਸੀ ਦਾ ਅਜੇ ਕਾਰਜਕਾਲ ਖਤਮ ਨਹੀਂ ਹੋਇਆ ਤੇ ਜਦੋਂ ਇਹ ਖਤਮ ਹੋਵੇਗਾ ਤਾਂ ਇਸ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਇਸ ਦੇ ਜਵਾਬ ਵਿੱਚ ਫੂਲਕਾ ਨੇ ਕਿਹਾ ਹੈ ਕਿ ਉਹ ਦੱਸਣਾ ਚਾਹੁੰਦੇ ਹਨ ਕਿ ਐੱਸ ਜੀ ਪੀ ਸੀ ਦਾ ਕਾਰਜਕਾਲ 2016 ਵਿਚ ਖਤਮ ਹੋ ਚੁੱਕਾ ਹੈ ਅਤੇ ਖੁਦ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਉੱਤੇ ਦਬਾਅ ਪਾ ਕੇ ਇਹ ਚੋਣਾਂ ਨਹੀਂ ਹੋਣ ਦਿੱਤੀਆਂ। ਫੂਲਕਾ ਨੇ ਕਿਹਾ ਕਿ ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲ ਸਰਕਾਰ ਹੈ ਤੇ ਸੁਖਬੀਰ ਸਿੰਘ ਬਾਦਲ ਦੀ ਪਤਨੀ ਕੇਂਦਰੀ ਮੰਤਰੀ ਹੋਣ ਕਾਰਨ ਅਕਾਲੀ ਦਲ ਕੇਂਦਰ ਸਰਕਾਰ ਉੱਤੇ ਦਬਾਅ ਪਾ ਕੇ ਇਹ ਚੋਣਾਂ ਨਹੀਂ ਹੋਣ ਦੇਂਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵੱਲੋਂ ਇਕ ਚਿੱਠੀ ਮਿਲੀ ਹੈ, ਜਿਸ ਵਿਚ ਲਿਖਿਆ ਸੀ ਕਿ ਮੌਜੂਦਾ ਐੱਸ ਜੀ ਪੀ ਸੀ ਦਾ ਕਾਰਜਕਾਲ 2016 ਵਿਚ ਖਤਮ ਹੋ ਚੁੱਕਾ ਹੈ ਅਤੇ ਕੇਂਦਰ ਸਰਕਾਰ ਨੇ ਐੱਸ ਜੀ ਪੀ ਸੀ ਚੋਣਾਂ ਕਰਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤੇ ਇਸ ਲਈ ਬਕਾਇਦਾ ਹਾਈਕੋਰਟ ਦੇ ਜੱਜਾਂ ਦਾ ਪੈਨਲ ਬਣਾਇਆ ਗਿਆ ਹੈ। ਫੂਲਕਾ ਮੁਤਾਬਕ ਉਨ੍ਹਾਂ ਨੂੰ ਇਹ ਚਿੱਠੀ 14 ਦਸੰਬਰ 2018 ਨੂੰ ਮਿਲੀ ਸੀ। ਇਸ ਦੇ ਬਾਅਦ ਸੁਖਬੀਰ ਸਿੰਘ ਬਾਦਲ ਵਲੋਂ ਕੇਂਦਰ ਦੀ ਸਰਕਾਰ ਉੱਤੇ ਦਬਾਅ ਪਾ ਕੇ ਇਹ ਚੋਣਾਂ ਨਹੀਂ ਹੋਣ ਦਿੱਤੀਆਂ ਜਾ ਰਹੀਆਂ। ਐੱਚ ਐੱਸ ਫੂਲਕਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਬਾਅਦ ਕੇਂਦਰ ਸਰਕਾਰ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀਆਂ ਚੋਣਾਂ ਕਰਾਉਣ ਦਾ ਦਬਾਅ ਪਾਇਆ ਜਾਵੇਗਾ। ਉਨ੍ਹਾਂਕਿਹਾ ਕਿ ਉਹ ਐੱਸ ਜੀ ਪੀ ਸੀ ਚੋਣਾਂ ਖੁਦ ਨਹੀਂ ਲੜਨਗੇ ਅਤੇ ਨਾ ਆਪਣਾ ਕੋਈ ਬੰਦਾ ਖੜਾ ਕਰਨਗੇ, ਪਰ ਧਾਰਮਿਕ ਸੰਗਠਨਾਂ ਦਾ ਸਮਰਥਨ ਕਰਨਗੇ, ਕਿਉਂਕਿ ਉਨ੍ਹਾਂ ਦਾ ਮਕਸਦ ਐੱਸ ਜੀ ਪੀ ਸੀ ਨੂੰ ਸਿਆਸੀ ਹੱਥਾਂ ਤੋਂ ਮੁਕਤ ਕਰਵਾਉਣਾ ਹੈ।



# ਯੂਰਪੀਨ ਐੱਮ ਪੀਜ਼ ਨੇ ਕਿਹਾ: ਕਸ਼ਮੀਰ ਦੇ ਲੋਕ ਭਾਰਤੀ ਅਖਵਾਉਣਾ ਚਾਹੁੰਦੇ ਨੇ

ਸ੍ਰੀਨਗਰ, 30 ਅਕਤੂਬਰ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਵਿਸ਼ੇਸ਼ ਦਰਜੇ ਦੀ ਧਾਰਾ 370 ਰੱਦ ਕੀਤੇ ਜਾਣ ਦੇ ਬਾਅਦ ਕਸ਼ਮੀਰ ਦੌਰੇ ਉੱਤੇ ਆਏ ਹੋਏ ਯੂਰਪੀਨ ਯੂਨੀਅਨ ਦੇ ਪਾਰਲੀਮੈਂਟ ਮੈਂਬਰਾਂ ਨੇ ਆਪਣੇ ਦੌਰੇ ਦੇ ਦੂਸਰੇ ਦਿਨ ਪ੍ਰੈੱਸ ਕਾਨਫਰੰਸ ਵਿੱਚ ਆਪਣੀ ਰਾਏ ਰੱਖੀ। ਇਸ ਦੌਰੇ ਪਿੱਛੋਂ ਯੂਰਪੀਨਪਾਰਲੀਮੈਂਟ ਮੈਂਬਰਾਂ ਦੇ ਵਫ਼ਦ ਦੇ ਇਕ ਮੈਂਬਰ ਨੇ ਇਸ ਦੌਰੇ ਬਾਰੇ ਭਾਰਤੀ ਮੀਡੀਆ ਦੀਆਂ ਖ਼ਬਰਾਂ ਉੱਤੇ ਪ੍ਰਤੀਕਿਰਿਆ ਦਿੰਦਿਆਂ ਇਸ ਨੂੰ ਗ਼ਲਤ ਕਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦੌਰੇ ਨੂੰ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਉਹ ਇੱਥੇ ਘੁੰਮਣ ਅਤੇ ਏਥੋਂ ਦੇ ਹਾਲਾਤ ਦੇਖ ਲੈਣ ਤੋਂ ਬਾਅਦ ਕਹਿ ਸਕਦੇ ਹਨ ਕਿ ਕਸ਼ਮੀਰ ਦੇ ਲੋਕ ਸ਼ਾਂਤੀ ਅਤੇ ਵਿਕਾਸ ਚਾਹੁੰਦੇ ਹਨ।

ਇਸ ਸੰਬੰਧ ਵਿੱਚ ਇਸ ਯੂਰਪੀਨ ਪਾਰਲੀਮੈਂਟ ਮੈਂਬਰਾਂ ਦੇ ਇੱਕ ਮੈਂਬਰ ਨੇ ਕਿਹਾ ਕਿ ਉਨ੍ਹਾਂ ਦੇ ਦੌਰੇ ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ, ਉਹ ਅਫ਼ਗਾਨਿਸਤਾਨ ਤੋਂ ਇਲਾਵਾ ਸੀਰੀਆ ਅਤੇ ਹੋਰ ਦੇਸ਼ਾਂ ਦਾ ਦੌਰਾ ਵੀ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ ਕਸ਼ਮੀਰਬਾਰੇ ਤੱਥ ਪਤਾ ਕਰਨ ਆਏ ਹਨ ਤੇ ਏਥੇ ਜ਼ਮੀਨੀ ਹਾਲਾਤ ਤੇ ਸਰਕਾਰ ਵੱਲੋਂ ਲਿਆਂਦੀਆਂ ਜਾ ਰਹੀਆਂ ਤਬਦੀਲੀਆਂ ਬਾਰੇ ਜਾਣਨਾ ਚਾਹੁੰਦੇ ਹਨ। ਉਨ੍ਹਾਂ ਨੇ ਲੋਕਾਂ ਨਾਲ ਗੱਲਬਾਤ ਕੀਤੀ ਹੈਤੇਲੋਕ ਭਾਰਤੀ ਨਾਗਰਿਕ ਵਜੋਂ ਅੱਗੇ ਵਧਣਾ ਚਾਹੁੰਦੇ ਹਨ, ਨਾਗਰਿਕ ਵਜੋਂ ਆਪਣੀ ਪਛਾਣ ਚਾਹੁੰਦੇ ਹਨ।

ਯੂਰਪੀਨ ਪਾਰਲੀਮੈਂਟ ਦੇ ਮੈਂਬਰਾਂ ਨੇ ਕਿਹਾ ਕਿ ਉਹ ਨਾਜ਼ੀ ਨਹੀਂ ਹਨ, ਪਰ ਭਾਰਤੀ ਮੀਡੀਆ ਵਿੱਚ ਉਨ੍ਹਾਂ ਬਾਰੇ ਜੋ ਗੱਲਾਂ ਕਹੀਆਂ ਗਈਆਂ ਤੇ ਬਿਆਨ ਦਿੱਤੇ ਜਾ ਰਹੇ ਹਨ, ਉਹ ਗ਼ਲਤ ਹਨ। ਉਨ੍ਹਾਂ ਕਿਹਾ ਕਿ ਜੇ ਉਹ ਨਾਜ਼ੀਵਾਦੀ ਹੁੰਦੇ ਤਾਂ ਯੂਰਪੀ ਦੇਸ਼ਾਂ ਦੇ ਲੋਕ ਉਨ੍ਹਾਂ ਨੂੰ ਕਦੇ ਨਾ ਚੁਣਦੇ।ਇਕ ਪਾਰਲੀਮੈਂਟ ਮੈਂਬਰ ਨੇ ਕਸ਼ਮੀਰ ਵਿੱਚ ਮਜ਼ਦੂਰਾਂ ਦੀ ਹੱਤਿਆ ਉੱਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਅਸੀਂਏਥੇ ਤੱਥ ਇਕੱਠੇ ਕਰਨ ਲਈ ਆਏ ਸਾਂ ਤੇ ਸਾਰੀ ਦੁਨੀਆ ਵਿੱਚ ਅੱਤਵਾਦ ਦੇ ਖ਼ਿਲਾਫ਼ ਲੜਾਈ ਚੱਲ ਰਹੀ ਹੈ,ਅਸੀਂ ਭਾਰਤ ਨੂੰ ਦੂਸਰਾ ਅਫ਼ਗਾਨਿਸਤਾਨ ਨਹੀਂ ਬਣਨ ਦੇਣਾ ਚਾਹੁੰਦੇ। ਉਨ੍ਹਾਂ ਨੇ ਕਿਹਾ ਕਿ ਉਹ ਲੋਕਾਂ ਨੂੰ ਮਿਲੇ ਤੇ ਕਈ ਮੁੱਦਿਆਂ ਉੱਤੇ ਗੱਲਬਾਤ ਹੋਈ। ਲੋਕ ਸਕੂਲ ਕਾਲਜ ਸਮੇਤ ਸਭ ਚੀਜ਼ਾਂ ਦਾ ਵਿਕਾਸ ਚਾਹੁੰਦੇ ਹਨ।ਮੀਡੀਆ ਨਾਲ ਗੱਲ ਕਰਦੇ ਪਾਰਲੀਮੈਂਟ ਮੈਂਬਰਾਂ ਵਿੱਚੋਂਇੱਕ ਜਣੇ ਨੇ ਕਿਹਾ ਕਿ ਕਸ਼ਮੀਰ ਦੇਲੋਕਾਂ ਦਾ ਕਹਿਣਾ ਹੈ ਕਿ ਕਸ਼ਮੀਰ ਵਿੱਚ ਭ੍ਰਿਸ਼ਟਾਚਾਰ ਬੜਾ ਹੈ, ਇੱਥੇ ਕੇਂਦਰ ਤੋਂ ਕਾਫ਼ੀ ਪੈਸਾ ਆਉਂਦਾ ਹੈ, ਪਰ ਵਿਕਾਸ ਦੇ ਕੰਮ ਨਹੀਂਹੋ ਰਹੇ।

# ਮਨੀ ਲਾਂਡਰਿੰਗ ਕੇਸ: ਇਕਬਾਲ ਮਿਰਚੀ ਨਾਲ ਜੁੜੇ ਮਾਮਲੇ ਵਿੱਚ ਸ਼ਿਲਪਾ ਸ਼ੈਟੀ ਦੇ ਪਤੀ ਤੋਂ ਪੁੱਛਗਿੱਛ

ਮੁੰਬਈ, 30 ਅਕਤੂਬਰ, (ਪੋਸਟ ਬਿਊਰੋ)- ਸੰਸਾਰ ਭਰ ਵਿੱਚ ਬਦਨਾਮ ਸਮੱਗਲਰ ਦਾਊਦ ਇਬਰਾਹੀਮ ਦੇ ਇੱਕ ਸਾਥੀ ਇਕਬਾਲ ਮਿਰਚੀ ਨਾਲ ਜੁੜੇ ਹੋਏ ਮਨੀ ਲਾਂਡਰਿੰਗ ਕੇਸਦੀ ਜਾਂਚ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅੱਜ ਬੁੱਧਵਾਰ ਨੂੰ ਅਭਿਨੇਤਰੀ ਸ਼ਿਲਪਾ ਸ਼ੈੱਟੀ ਦੇ ਪਤੀ ਅਤੇ ਕਾਰੋਬਾਰੀ ਰਾਜ ਕੁੰਦਰਾ ਤੋਂ ਪੁੱਛਗਿੱਛ ਕੀਤੀ ਹੈ। ਸਵੇਰੇ 11 ਵਜੇ ਈ ਡੀ ਦਫ਼ਤਰ ਪਹੁੰਚੇ ਰਾਜ ਕੁੰਦਰਾ ਤੋਂ ਕਾਫੀ ਲੰਮੀ ਪੁੱਛਗਿੱਛ ਹੋਣ ਦੀ ਖਬਰ ਹੈ।

ਇਨਫੋਰਸਮੈਂਟ ਅਧਿਕਾਰੀਆਂ ਨੇ ਦੱਸਿਆ ਕਿ ਈ ਡੀ ਨੇ ਕੁੰਦਰਾ ਨੂੰ ਸੰਮਨ ਜਾਰੀ ਕਰਕੇ ਪੁੱਛਗਿੱਛ ਕਰਨ ਲਈ ਚਾਰ ਨਵੰਬਰ ਨੂੰ ਪੇਸ਼ ਹੋਣ ਨੂੰ ਕਿਹਾ ਸੀ, ਪਰ ਉਨ੍ਹਾਂ ਨੇ ਓਦੋਂ ਆਪਣੇ ਰੁਝੇਵੇਂ ਦੱਸ ਕੇ ਪਹਿਲਾਂ ਹਾਜ਼ਰ ਹੋਣ ਦੀ ਆਗਿਆ ਮੰਗੀ ਸੀ। ਇਸ ਕੇਸ ਦੀ ਜਾਂਚ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐੱਮ ਐੱਲਏ) ਦੇ ਤਹਿਤ ਕੀਤੀ ਜਾ ਰਹੀ ਹੈ। ਕੇਂਦਰੀ ਜਾਂਚ ਏਜੰਸੀ ਈ ਡੀ ਇਹ ਪਤਾ ਕਰਨਾ ਚਾਹੁੰਦੀ ਹੈ ਕਿ ਰਣਜੀਤ ਬਿੰਦਰਾ ਅਤੇ ਬਾਸਟੀਅਨ ਹਾਸਪਟੈਲਿਟੀ ਨਾਲ ਲੈਣ-ਦੇਣ ਦੇ ਮਿਰਚੀ ਵਾਲੇ ਕੇਸ ਨਾਲਰਾਜ ਕੁੰਦਰਾ ਦਾ ਸਬੰਧ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਦੋਵਾਂ ਵਿਚਾਲੇ ਲੈਣ-ਦੇਣ ਦੀ ਮੁਕੰਮਲ ਜਾਣਕਾਰੀ ਚਾਹੀਦੀ ਸੀ, ਇਸ ਲਈ ਰਾਜ ਕੁੰਦਰਾ ਨੂੰ ਸੰਮਨ ਭੇਜਿਆ ਸੀ। ਉਂਜ ਇਸ ਤੋਂ ਪਹਿਲਾਂ ਰਾਜ ਕੁੰਦਰਾ ਕਹਿ ਚੁੱਕੇ ਹਨ ਕਿ ਉਨ੍ਹਾਂ ਨੇ ਇਸ ਕਾਰੋਬਾਰ ਵਿਚ ਕੁਝ ਵੀ ਗ਼ਲਤ ਨਹੀਂ ਕੀਤਾ। ਏਜੰਸੀ ਪਿਛਲੇ ਸਾਲ ਵੀਰਾਜ ਕੁੰਦਰਾ ਤੋਂ ਬਿਟਕੁਆਇਨ ਘੁਟਾਲੇ ਵਿਚ ਪੁੱਛਗਿੱਛ ਕਰ ਚੁੱਕੀ ਹੈ।



ਇਕਬਾਲ ਮਿਰਚੀ ਸੰਸਾਰ ਭਰ ਵਿੱਚ ਬਦਨਾਮ ਗੈਂਗਸਟਰ ਦਾਊਦ ਇਬਰਾਹੀਮ ਦਾ ਬਹੁਤ ਕਰੀਬੀ ਸੀ ਤੇ ਉਸ ਦੇ ਗ਼ੈਰ ਕਾਨੂੰਨੀ ਕੰਮ ਸੰਭਾਲਦਾ ਸੀ। ਸਾਲ 2013 ਵਿਚ ਉਸ ਦੀ ਲੰਡਨ ਵਿਚ ਮੌਤ ਹੋ ਗਈ ਸੀ। ਈ ਡੀ ਨੇ ਮਿਰਚੀ, ਉਸ ਦੇ ਪਰਿਵਾਰ ਅਤੇ ਹੋਰਨਾਂ ਦੇ ਖ਼ਿਲਾਫ਼ ਮੁੰਬਈ ਵਿਚ ਜਾਇਦਾਦਾਂ ਦੀ ਖ਼ਰੀਦਦਾਰੀ ਬਾਰੇ ਮਨੀ ਲਾਂਡਰਿੰਗ ਕੇਸ ਦਰਜ ਕੀਤਾ ਹੋਇਆ ਹੈ। ਉਸ ਨੇ ਮੁੰਬਈ ਪੁਲਿਸ ਵੱਲੋਂ ਦਰਜ ਦਰਜਨਾਂ ਕੇਸਾਂਬਾਰੇ ਪੀ ਐੱਮ ਐੱਲਏ ਰਿਪੋਰਟ ਪੇਸ਼ ਕੀਤੀ ਹੈ ਅਤੇ ਇਸ ਸੰਬੰਧ ਵਿੱਚ ਪਿਛਲੇ ਕੁਝ ਮਹੀਨਿਆਂ ਵਿਚ ਕਈਂ ਥਾਂਈਂ ਛਾਪੇਮਾਰੀ ਵੀ ਕੀਤੀ ਹੈ।

# ਕਰਤਾਰਪੁਰ ਲਈ ਪਹਿਲੇ ਜਥੇ ਵਿੱਚ ਮਨਮੋਹਨ ਸਿੰਘ, ਕੈਪਟਨ ਤੇ ਹਰਸਿਮਰਤ ਕੌਰ ਵੀ ਹੋਣਗੇ

ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਹਰਦੀਪ ਸਿੰਘ ਪੁਰੀ ਉਨ੍ਹਾਂ 575 ਲੋਕਾਂ 'ਚ ਸ਼ਾਮਲ ਹਨ, ਜੋ ਕਰਤਾਰਪੁਰ ਲਾਂਘੇ ਰਾਹੀਂ ਪਾਕਿ-ਸਤਾਨ ਦੇ ਗੁਰਦੁਆਰਾ ਦਰਬਾਰ ਸਾਹਿਬ ਜਾ ਰਹੇ ਪਹਿਲੇ ਜਥੇ ਦਾ ਹਿੱਸਾ ਹੋਣਗੇ। ਇਸ ਬਾਰੇ ਕੇਂਦਰ ਸਰਕਾਰ ਦੇ ਸੂਤਰਾਂ ਨੇ ਦੱਸਿਆ ਕਿ ਭਾਰਤ ਨੇ 575 ਲੋਕਾਂ ਦੀ ਸੂਚੀ ਪਾਕਿਸਤਾਨ ਨਾਲ ਸਾਂਝੀ ਕੀਤੀ ਹੈ। ਪੰਜਾਬ ਦੇ ਪਾਰਲੀਮੈਂਟ ਮੈਂਬਰ ਤੇ ਕਈ ਵਿਧਾਇਕ ਵੀ ਇਸ ਜਥੇ ਦਾ ਹਿੱਸਾ ਹੋਣਗੇ।

ਇਹ ਜਾਣਕਾਰੀ ਮਿਲੀ ਹੈ ਕਿ ਪੰਜਾਬ ਸਰਕਾਰ ਦੇ 31 ਮੈਂਬਰੀ ਵਫਦ ਅਤੇ 450 ਭਾਰਤੀ ਸ਼ਰਧਾਲੂਆਂ ਨੂੰ ਵੀਜ਼ਾ ਪਾਕਿਸਤਾਨ ਨੇ ਹਾਲੇ ਨਹੀਂ ਦਿੱਤਾ, ਭਾਰਤ ਸਰਕਾਰ ਨੇ ਪਾਕਿਸਤਾਨ ਹਾਈ ਕਮਿਸ਼ਨ ਨੂੰ ਇਸ ਲਈ ਕਿਹਾ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪਾਕਿਸਤਾਨ ਨੇ ਸ਼ਰਧਾਲੂ ਜਥੇ ਦੀ ਅਗਵਾਈ ਕਰਨ ਲਈ ਪਰਮਜੀਤ ਸਿੰਘ ਸਰਨਾ ਨੂੰ ਚੁਣਨ ਦਾ ਫੈਸਲਾ ਖੁਦ ਕੀਤਾ ਹੈ। ਪਾਕਿਸਤਾਨ ਨੇ ਭਾਰਤ ਵੱਲੋਂ ਦਿੱਤੀ ਤਜਵੀਜ਼ ਦਾ ਜਵਾਬ ਨਹੀਂ ਦਿੱਤਾ ਕਿ 12 ਨਵੰਬਰ ਗੁਰਪੁਰਬ ਮੌਕੇ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ 1974 ਦੇ ਪ੍ਰੋਟੋਕਾਲ ਦੇ ਤਹਿਤ 3000 ਦੀ ਜਗ੍ਹਾ 10000 ਕਰ ਦਿੱਤੀ ਜਾਵੇ। ਏਸੇ ਤਰ੍ਹਾਂ ਕਈ ਹੋਰ ਗੱਲਾਂ ਦਾ ਵੀ ਜਵਾਬ ਨਹੀਂ ਦਿੱਤਾ ਗਿਆ।

# ਕਸ਼ਮੀਰ ਉੱਤੇ ਬ੍ਰਿਟੇਨ ਨੇ ਕਿਹਾ: ਸਾਡੇ ਰੁਖ ਵਿੱਚ ਕੋਈ ਬਦਲਾਅ ਨਹੀਂ ਹੋਇਆ

## * ਪ੍ਰਧਾਨ ਮੰਤਰੀ ਜਾਨਸਨ ਨੇ ਇਸ ਨੂੰ ਦੁਵੱਲਾ ਮਸਲਾ ਕਿਹਾ

ਲੰਡਨ, 30 ਅਕਤੂਬਰ, (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਅੱਜ ਬੁੱਧਵਾਰ ਨੂੰ ਪਾਰਲੀਮੈਂਟ ਵਿੱਚ ਕਿਹਾ ਹੈ ਕਿ ਕਸ਼ਮੀਰ ਦੇ ਸਵਾਲ ਉੱਤੇ ਬ੍ਰਿਟੇਨ ਦਾ ਲੰਬੇ ਸਮੇਂ ਤੋਂਇਹ ਸਪੱਸ਼ਟ ਰੁਖ ਰਿਹਾ ਹੈ ਕਿ ਇਹ ਭਾਰਤ ਤੇ ਪਾਕਿਸਤਾਨ ਦੇ ਵਿਚਾਲੇ ਦੁਵੱਲਾ ਮੁੱਦਾ ਹੈ, ਸਾਡੇ ਇਸ ਰੁਖ ਵਿੱਚ ਕੋਈ ਬਦਲਾਅ ਨਹੀਂ ਹੋਇਆ, ਪਰ ਕਸ਼ਮੀਰ ਘਾਟੀ ਦੀ ਸਥਿਤੀ ਸਾਡੇ ਦੇਸ਼ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ।


ਯੂਰਪੀ ਯੂਨੀਅਨ ਦੇ 23 ਪਾਰਲੀਮੈਂਟ ਮੈਂਬਰਾਂ ਵੱਲੋਂ ਜੰਮੂ ਕਸ਼ਮੀਰ ਵਿੱਚ ਹਾਲਾਤ ਦਾ ਜਾਇਜ਼ਾ ਲੈਣ ਲਈ 2 ਦਿਨ ਦਾ ਦੌਰਾ ਕਰਨਬਾਰੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਇਹ ਬਿਆਨ ਦਿੱਤਾ ਹੈ। ਵਰਨਣ ਯੋਗ ਹੈ ਕਿ ਯੂਰਪੀ ਯੂਨੀਅਨ ਦੇ ਪਾਰਲੀਮੈਂਟ ਮੈਂਬਰਾਂ ਨੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਨੂੰ ਖਤਮ ਕਰਨ ਨੂੰ ਭਾਰਤ ਦਾ ਅੰਦਰੂਨੀ ਮੁੱਦਾ ਦੱਸਿਆ ਤੇ ਕਿਹਾ ਹੈ ਕਿ ਉਹ ਅੱਤਵਾਦ ਦੇ ਖਿਲਾਫ ਲੜਾਈ ਵਿੱਚਇਸ ਦੇਸ਼ ਦੇ ਨਾਲ ਖੜੇ ਹਨ।



12 ਦਸੰਬਰ ਨੂੰ ਹੋ ਰਹੀਆਂ ਆਮ ਚੋਣਾਂ ਤੋਂ ਪਹਿਲਾਂ ਪਾਰਲੀਮੈਂਟ ਵਿੱਚ ਆਖਰੀ ਪ੍ਰਸ਼ਨ ਕਾਲ ਦੌਰਾਨ ਅੱਜ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਕੰਜ਼ਰਵੇਟਿਵ ਪਾਰਟੀ ਦੇ ਇੱਕ ਪਾਰਲੀਮੈਂਟ ਸਟੀਵ ਬੇਕਰ ਦੇ ਸਵਾਲ ਬਾਰੇ ਜਵਾਬ ਦੇ ਰਹੇ ਸਨ। ਹਾਊਸ ਆਫ ਕਾਮਨਜ਼ ਵਿੱਚ ਉਨ੍ਹਾਂ ਨੇ ਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਕਿ ਕਸ਼ਮੀਰੀ ਲੋਕਾਂ ਦਾ ਭਲਾ ਬ੍ਰਿਟੇਨ ਸਰਕਾਰ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ। ਜਾਨਸਨ ਨੇ ਕਿਹਾ ਕਿ ਬ੍ਰਿਟੇਨ ਸਰਕਾਰ ਦੀ ਲੰਬੇ ਸਮੇਂ ਤੋਂ ਇਹੀ ਰਾਏ ਹੈ ਕਿ ਕਸ਼ਮੀਰ ਮੁੱਦਾ ਭਾਰਤ ਅਤੇ ਪਾਕਿਸਤਾਨ ਨੂੰ ਆਪੋ ਵਿੱਚ ਹੱਲ ਕਰਨਾ ਚਾਹੀਦਾ ਹੈ।

ਦੱਖਣੀ-ਪੂਰਬੀ ਇੰਗਲੈਂਡ ਦੇ ਵਾਇਕਮਤੋਂਪਾਰਲੀਮੈਂਟ ਮੈਂਬਰ ਬੇਕਰ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕੀਤੇ ਜਾਣ ਤੋਂ ਬਾਅਦ ਭਾਰਤ ਵਿਰੁੱਧ ਆਵਾਜ਼ ਚੁੱਕਣ ਵਾਲੇ ਪਾਰਲੀਮੈਂਟ ਮੈਂਬਰਾਂ ਵਿੱਚੋਂ ਹਨ। ਬੇਕਰ ਦੇ ਪਾਰਲੀਮੈਂਟਰੀ ਖੇਤਰ ਵਿੱਚ ਕਸ਼ਮੀਰੀ ਮੂਲ ਦੇ ਲੋਕਾਂ ਦੀ ਕਾਫੀ ਆਬਾਦੀ ਹੈ।



# 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੇ ਆਯੋਜਨਾਂ ਦਾ ਇਪਟਾ ਵੱਲੋਂ ਫ਼ੈਸਲਾ

ਲੋਕਾਈ ਦੇ ਰਾਹ ਦਸੇਰਾ, ਸਾਂਝੀਵਾਲਤਾ ਦੇ ਮੁੱਦਈ, ਬਰਾਬਰੀ ਦਾ ਸੰਦੇਸ਼ ਦੇਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦਾ ਪੂਰੇ ਮੁਲਕ ਵਿਚ ਆਯੋਜਨਾਂ ਦਾ ਫ਼ੈਸਲਾ ਇਪਟਾ ਵੱਲੋਂ ਕਾਲੀਕਟ, ਕੇਰਲ ਵਿਖੇ ਹੋਈ ਰਾਸ਼ਟਰੀ ਕਾਰਜਕਾਰਣੀ ਦੀ ਇਕੱਤਰਤਾ ਵਿਚ ਲਿਆ ਗਿਆ। ਇਸ ਇਕੱਤਰਤਾ ਵਿਚ ਇਪਟਾ ਦੇ ਰਾਸ਼ਟਰੀ ਪ੍ਰਧਾਨ ਡਾ. ਰਣਬੀਰ ਸਿੰਘ (ਰਾਜਸਥਾਨ), ਮੀਤ ਪ੍ਰਧਾਨ ਫਿਲਮ ਅਭਿਨੇਤਾ ਅੰਜਨ ਸ੍ਰੀਵਾਸਤਵ (ਬੰਬਈ) ਜਨਰਲ ਸੱਕਤਰ ਰਾਕੇਸ਼ (ਯੂ.ਪੀ.) ਤੇ ਇਪਟਾ, ਪੰਜਾਬ ਦੇ ਪ੍ਰਧਾਨ ਇੰਦਰਜੀਤ ਰੂਪੋਵਾਲੀ ਅਤੇ ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਅਤੇ ਕੰਵਲ ਨੈਨ ਸਿੰਘ ਸੇਖੋਂ ਤੋਂ ਇਲਾਵਾ ਦੇਸ਼ ਭਰ ਦੀਆਂ ਇਪਟਾ ਦੀਆਂ ਸੂਬਾ ਇਕਾਈਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ।

ਇਹ ਜਾਣਕਾਰੀ ਦਿੰਦੇ ਹੋਏ ਇਪਟਾ, ਪੰਜਾਬ ਦੇ ਜਨਰਲ ਸੱਕਤਰ ਸੰਜੀਵਨ ਸਿੰਘ ਨੇ ਕਿਹਾ ਕਿ ਅੱਜ ਦੇ ਸਮਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਵੱਲੋਂ ਦਰਸਾਏ ਮਾਰਗ ਉਪਰ ਹੋਰ ਵੀ ਦ੍ਰਿੜ੍ਹ ਇਰਾਦੇ ਅਤੇ ਸਾਬਤ ਕਦਮੀ ਨਾਲ ਚੱਲਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਮੇਤ ਸਾਰੇ ਸੂਬਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੇ ਆਯੋਜਨ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਤੇ ਜੀਵਨ ਜਾਚ ਬਾਰੇ ਗੋਸ਼ਟੀਆਂ, ਨਾਟਕ ਤੇ ਨੁਕੜ ਨਾਟਕਾਂ ਦੇ ਮੰਚਣਾਂ ਦੀ ਸ਼ਕਲ ਵਿਚ ਹੋਣਗੇ।

# ਟਾਊਨਸ਼ਿਪ ਆੱਫ ਲੈਂਗਲੀ ਦਾ 16ਵਾਂ ਸਾਲਾਨਾ ਦੀਵਾਲੀ ਪ੍ਰੋਗਰਾਮ





ਲੈਂਗਲੀ, ਬੀ. ਸੀ., 26 ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਮਿਊਰੀਅਲ ਆਰਨਾਸਨ ਲਾਇਬ੍ਰੇਰੀ ਅਤੇ ਟਾਊਨਸ਼ਿਪ ਆੱਫ ਲੈਂਗਲੀ ਵੱਲੋਂ ਆਪਣਾ ਸੋਲਵਾਂ ਸਾਲਾਨਾ ਦੀਵਾਲੀ ਦਾ ਤਿਉਹਾਰ ਬੜੇ ਚਾਵਾਂ,ਖੁਸੀਆਂ ਅਤੇ ਉਤਸਾਹ ਨਾਲ ਮਨਾਇਆ ਗਿਆ । ਇਸ ਖੁਸ਼ੀ ਦੇ ਮੌਕੇ ਦਾ ਅਨੰਦ ਮਾਨਣ ਲਈ ਹਰ ਭਾਈਚਾਰੇ ਦੇ ਲੋਕ ਹੁੰਮ ਹੁੰਮਾ ਕੇ ਪਹੁੰਚੇ ਹੋਏ ਸਨ । ਮੈਂਬਰ ਪਾਰਲੀਮੈਂਟ ਰਹਿ ਚੁੱਕੇ ਜੌਹਨ ਅਲਡਾਗ, ਟਾਊਨਸ਼ਿਪ ਆੱਫ ਲੈਂਗਲੀ ਦੇ ਮੇਅਰ ਜੈਕ ਫ਼ਓਮਪ;ਰੋਸ, ਕੌਂਸਲਰ ਪੈਟਰੀਨਾ ਆਰਨਾਸਨ, ਕੌਂਸਲਰ ਬੋਬ ਲੋਂਗ, ਲੈਂਗਲੀ ਸਿਟੀ ਦੇ ਕੌਂਸਲਰ ਗੇਲ ਮਾਰਟਿਨ, ਟਾਊਨਸ਼ਿਪ ਆੱਫ ਲੈਂਗਲੀ ਦੇ ਡਾਇਰੈਕਟਰ ਪੀਟਰ ਟ੍ਰਲੂਮੈਲੋ, ਫ਼ਓਮਪ;ਰੇਜ਼ਰ ਵੈਲੀ ਰੀਜ਼ਨਲ ਲਾਇਬ੍ਰੇਰੀ ਦੀ ਡਾਇਰੈਕਟਰ ਹੈਦਰ ਸਕੂਲਰ ਵੀ ਇਸ ਬਹੁਸਭਿਅਕ ਤਿਉਹਾਰ ਦਾ ਆਨੰਦ ਮਾਨਣ ਲਈ ਪਹੁੰਚੇ ਹੋਏ ਸਨ ।

ਇਸ ਮੌਕੇ ਕੁੜੀਆਂ ਦੇ ਮਨੋਰੰਜਨ ਵਾਸਤੇ ਮੈਂਹਦੀ ਅਤੇ ਬੱਚਿਆਂ ਦੇ ਮਨੋਰੰਜਨ ਵਾਸਤੇ ਫੇਸ ਪੇਟਿੰਗ ਦਾ ਉਚੇਚੇ ਤੌਰ ਤੇ ਪ੍ਰਬੰਧ ਕੀਤਾ ਗਿਆ ਸੀ । ਇਸ ਦੌਰਾਨ ਕਰਾਫਟਿੰਗ ਅਤੇ ਕਲਰਿੰਗਦਾ ਪ੍ਰੋਗਰਾਮ ਵੀ ਸਫ਼ਲਤਾ ਪੂਰਨ ਚਲਦਾ ਰਿਹਾ, ਅਤੇ ਬੱਚਿਆਂ ਨੇ ਦੀਵਿਆਂ ਨੂੰ ਰੰਗ-ਬਿਰੰਗੇ ਰੰਗਾਂ ਨਾਲ ਸਜਾ ਕੇ ਆਪਣੀ ਖੁਸ਼ੀ ਅਤੇ ਕਲਾ ਦਾ ਇਜ਼ਹਾਰ ਕੀਤਾ । ਮਸ਼ਹੂਰ ਨੇਟਿਵ ਇੰਡੀਅਨ ਡਾਂਸਰ ਸ਼ਿਆਮਾ ਪ੍ਰੀਆ ਦੇ ਨੇਟਿਵ ਲੋਕ ਨਾਚ ਅਤੇ ਵੈਨਸਿਟੀ ਡਾਂਸ ਦੇ ਏਕਮ ਧਾਮੀ ਅਤੇ ਅਰਜਨ ਪਾਨੇਸਰ ਵੱਲੋਂ ਪਾਇਆ ਭੰਗੜਾ ਮੇਲੇ ਦਾ ਮੁੱਖ ਆਕਰਸ਼ਨ ਬਣਿਆ ਰਿਹਾ। ਮਹਿਮਾਨਾਂ ਦੀ ਸਮੋਸਿਆਂ, ਪਕੌੜਿਆਂ, ਬਿਸਕੁਟਾਂ ਅਤੇ ਕੌਫ਼ਓਮਪ;ੀ ਨਾਲ ਪ੍ਰੋਹਣਾਚਾਰੀ ਕੀਤੀ ਗਈ । ਪ੍ਰੋਗਰਾਮ ਦੇ ਅਖੀਰ ਵਿੱਚ ਮਿਊਰੀਅਲ ਆਰਨਾਸਨ ਲਾਇਬ੍ਰੇਰੀ ਦੇ ਮੁਖੀ ਡਾ. ਸਰਵਨ ਸਿੰਘ ਰੰਧਾਵਾ ਨੇ ਆਏ ਹੋਏ ਮਹਿਮਾਨਾਂ, ਵਲੰਟੀਅਰਜ਼, ਅਤੇ ਮੀਡੀਏ ਦਾ ਧੰਨਵਾਦ ਕੀਤਾ।

# ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ 2 ਨਵੰਬਰ ਨੂੰ

ਬਰੈਂਪਟਨ (ਡਾ ਬਲਜਿੰਦਰ ਸਿੰਘ ਸੇਖੋਂ): ਪੰਜਾਬੀ ਸਭਿਆਚਾਰਕ ਮੰਚ ਵਲੋਂ ਹਾਰਟ ਲੇਕ ਸੀਨੀਅਰ ਕਲੱਬ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ, 2 ਨਵੰਬਰ, ਦਿਨ ਸ਼ਨਿਚਰਵਾਰ ਨੂੰ ਸਨੇਲ ਗਰੋਵ ਕਮਿਊਨਿਟੀ ਸੈਂਟਰ, ਜੋ ਮੇਨ ਸਟਰੀਟ ਅਤੇ ਮੇਅ ਫੀਲਡ ਦੇ ਕਰਾਸ ਨੇੜੇ, ਮੈਕਡੋਨਾਲਡ ਕੌਫੀ ਹਾਉਸ ਦੇ ਨਾਲ ਹੈ, ਸਵੇਰੇ 10 ਵਜੇ ਤੋਂ ਦੁਪਿਹਰ 2 ਵਜੇ ਤੱਕ ਕੀਤਾ ਜਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਵਲੋਂ ਉਸ ਵੇਲੇ ਦੇ ਸਮਾਜ ਵਿਚ ਫੈਲੇ ਭਰਮ ਭੁਲੇਖਿਆਂ ਖਿਲਾਫ਼ ਅਤੇ ਲੋਕਾਂ ਦੀ ਲੁੱਟ ਕਰ ਰਹੇ ਜਾਬਰਾਂ ਖਿਲਾਫ਼ ਬੜੇ ਬੇਬਾਕ ਸ਼ਬਦਾਂ ਵਿਚ ਜੋ ਆਮ ਲੋਕਾਂ ਲਈ ਸਹੀ ਰਾਹ ਦਰਸਾਇਆ ਗਿਆ ਉਸ ਨੇ ਇੱਕ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ ਅਤੇ ਆਖਿਰ ਇਸ ਇਹ ਵਿਚਾਰਧਾਰਾ ਸਿੱਖ ਧਰਮ ਦੀ ਨੀਂਹ ਬਣੀ। ਦੁਨੀਆਂ ਭਰ ਵਿਚ ਉਨ੍ਹਾਂ ਦਾ ਇਹ ਗੁਰਪੁਰਬ ਬੜੀ ਧੂੰਮਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਅਧੀਨ ਵੱਖੋ ਵਖਰੇ ਪ੍ਰੋਗਰਾਮ ਕੀਤੇ ਜਾ ਰਹੇ ਹਨ, ਇਹ ਪ੍ਰੋਗਰਾਮ ਵੀ ਇਸੇ ਲੜੀ ਦਾ ਇੱਕ ਹਿੱਸਾ ਹੈ। ਇਸ ਵਿਚ ਗੁਰੂ ਜੀ ਦੀਆਂ ਮਹਾਨ ਰਾਹ ਦਰਸਾਉਂਦੀਆਂ, ਚੰਗੇ ਜੀਵਨ ਲਈ ਜ਼ਰੂਰੀ ਸਿਖਿਆਵਾਂ, ਉਨ੍ਹਾਂ ਦੇ ਜੀਵਨ, ਫਲਸਫੇ ਅਤੇ ਸਮਾਜ ਸੁਧਾਰਕ ਕੰਮਾਂ ਬਾਰੇ ਵਿਦਵਾਨ ਬੁਲਾਰੇ ਅਪਣੇ ਵਿਚਾਰ ਰੱਖਣਗੇ। ਇਸ ਸਮੇਂ ਆਏ ਕਵੀ ਅਪਣੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕਰਨਗੇ। ਆਏ ਮਹਿਮਾਨਾਂ ਲਈ ਖਾਣ ਪੀਣ ਦਾ ਪੂਰਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ, ਜਨਰਲ ਸਕੱਤਰ ਸੁਖਦੇਵ ਸਿੰਘ ਧਾਲੀਵਾਲ, ਹਾਰਟ ਲੇਕ ਸੀਨੀਅਰਜ਼ ਕਲੱਬ ਦੇ ਸਕੱਤਰ ਰਜਿੰਦਰ ਸਿੰਘ ਢੱਟ ਤੇ ਖਜ਼ਾਨਚੀ ਚਰਨ ਸਿੰਘ ਮੁੰਡੀ, ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਤਨ ਦੇਹੀ ਨਾਲ ਮਿਹਨਤ ਕਰ ਰਹੇ ਹਨ। ਇਸ ਦੇ ਨਾਲ ਨਾਲ, ਕੈਸੀ ਕੈਂਬਲ ਕਲੱਬ ਦੇ ਪ੍ਰਧਾਨ ਸੁਭਾਸ਼ ਖੁਰਮੀ, ਹਰਿੰਦਰ ਤੱਖੜ, ਸਰਜਿੰਦਰ ਰਣੀਆਂ, ਗੁਰਦਿਆਲ ਸਿੰਘ ਢੱਲਾ, ਕਰਨਲ ਗੁਰਕ੍ਰਿਪਾਲ ਰਿਸ਼ੀ, ਪ੍ਰਵੇਸ਼ ਕੰਗ, ਅਮਰ ਸਿੰਘ ਸਰਪੰਚ ਅਤੇ ਮੰਚ ਦੇ ਚੀਫ ਅਡਵਾਈਜਰ ਪਰਗਟ ਸਿੰਘ ਬੱਗਾ ਨੇ ਸਭ ਨੂੰ ਇਸ ਪ੍ਰੋਗਰਾਮ ਵਿਚ ਹੁੰਮ ਹੁੰਮਾਂ ਕੇ ਪਹੁੰਚਣ ਦੀ ਅਪੀਲ ਕੀਤੀ ਹੈ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਬਲਦੇਵ ਸਿੰਘ ਸਹਿਦੇਵ (647 328 7045), ਸੁਖਦੇਵ ਸਿੰਘ ਧਾਲੀਵਾਲ (647 298 7250) ਜਾਂ ਸੁਭਾਸ਼ ਖੁਰਮੀ (647 741 9003) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਟੋਰਾਂਟੋ ਦੇ ਕੌਮਾਂਤਰੀ ਕਵੀ ਦਰਬਾਰ ’ਚ ਸ਼ਾਮਿਲ ਹੋਣ ਲਈ ਕਵੀਆਂ ’ਚ ਭਾਰੀ ਉਤਸ਼ਾਹ



ਟੋਰਾਂਟੋ-ਬੀਤੇ ਦਿਨੀਂ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਾਕਸ਼ ਦਿਵਸ ਨੂੰ ਸਮਰਪਿਤ ’ਅੰਤਰਰਾਸ਼ਟਰੀ ਸਰਬ ਸਾਂਝਾ ਪੰਜਾਬੀ ਕਵੀ ਦਰਬਾਰ’ ਦੀ ਪ੍ਰਬੰਧਕ ਕਮੇਟੀ ਵੱਲੋਂ ਇੱਕ ਮੀਟਿੰਗ ਬਰੈਂਪਟਨ ਦੇ 7956 ਟਾਰਬਰਮ ਰੋਡ ਸਥਿੱਤ ਰਾਮਗੜੀਆ ਭਵਨ ਵਿੱਚ ਕੀਤੀ ਗਈ। ਮੀਟਿੰਗ ਦੀ ਕਾਰਵਾਈ ਮੀਡੀਆ ਨੂੰ ਰਿਲੀਜ਼ ਕਰਦੇ ਹੋਏ ਮੀਡੀਆ ਕੋਆਰਡੀਨੇਟਰ ਡਾ ਹੀਰਾ ਰੰਧਾਵਾ ਨੇ ਦੱਸਿਆ ਕਿ 17 ਨਵੰਬਰ 2019 ਨੂੰ ਬਰੈਂਪਟਨ ਦੇ 340 ਵੋਡੇਨ ਸਟਰੀਟ ਈਸਟ ਸਥਿੱਤ ਸੈਂਚਰੀ ਗਾਰਡਨ ਰੀਕਰੇਸ਼ਨ ਸੈਂਟਰ ਦੇ ਹਾਲ ਨੰਬਰ 1 ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੋ ਰਿਹਾ ਹੈ। ਉਹਨਾਂ ਦੱਸਿਆ ਕਿ ਵੱਖ ਵੱਖ ਦੇਸ਼ਾਂ ਤੋਂ ਉਕਤ ਕਵੀ ਦਰਬਾਰ ਵਿੱਚ ਸ਼ਾਮਿਲ ਹੋਣ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸੰਸਥਾ ਦੇ ਜਨਰਲ ਸਕੱਤਰ ਹਰਦਿਆ ਝੀਤਾ ਨੇ ਕਿਹਾ ਕਿ ਸਮੁੱਚੇ ਭਾਈਚਾਰੇ ਵੱਲੋਂ ਇਸ ਕਾਰਜ ਲਈ

ਬਹੁਤ ਬਹੁਤ ਵੱਡਾ ਹੁੰਗਾਰਾ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਸ ਕਵੀ ਦਰਬਾਰ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ ਵੱਖ ਵੱਖ ਸੰਸਥਾਵਾਂ ਨਾਲ ਜੁੜੇ, ਅਦੀਬਾਂ ਤੇ ਕਲਾਕਾਰਾਂ ਦੀਆਂ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਿੰਨਾਂ ਦੇ ਸੁਝਾਵਾਂ ਉੱਤੇ ਵਿਚਾਰ ਕਰਕੇ ਹੀ ਪ੍ਰੋਗਰਾਮ ਉਲੀਕੇ ਗਏ ਹਨ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ ਪਰਗਟ ਸਿੰਘ ਬੱਗਾ ਨੇ ਬੋਲਦਿਆਂ ਕਿਹਾ ਕਿ ਦੁਨੀਆਂ ਭਰ ਵਿੱਚ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਲਈ ਹੋ ਰਹੇ ਯਤਨਾਂ ਵਜੋਂ ਕੀਤੇ ਜਾਣ ਵਾਲੇ ਇਸ ਕਵੀ ਦਰਬਾਰ ਵਿੱਚ ਕੈਨੇਡਾ ਸਮੇਤ ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ , ਪਾਕਿਸਤਾਨ, ਭਾਰਤ, ਆਦਿ ਦੇਸ਼ਾਂ ਤੋਂ ਨਾਮਵਰ ਕਵੀ ਹਿੱਸਾ ਲੈਣ ਲਈ ਪਹੁੰਚ ਰਹੇ ਹਨ। ਉਹਨਾਂ ਦੱਸਿਆ ਕਿ ਇਸ ਕਵੀ ਦਰਬਾਰ ਸੰਬੰਧੀ ਰਸਮੀ ਸੱਦਾ-ਪੱਤਰ ਭੇਜਣ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਾਕਿਸਤਾਨ ਤੋਂ ਕਵੀਆਂ ਨਾਲ ਰਾਬਤਾ ਕਰਨ ਵਾਲੇ ਮਕਸੂਦ ਚੌਧਰੀ ਨੇ ਦੱਸਿਆ ਪਾਕਿਸਤਾਨ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪੀਰ ਵਜੋਂ ਮੰਨਿਆ ਜਾਂਦਾ ਹੈ ਜਿਨਾਂ ਦੇ ਸਤਿਕਾਰ ਵਜੋਂ ਚੋਣਵੇਂ ਕਵੀ ਉਕਤ ਸਮਾਗਮ ਵਿੱਚ ਹਿੱਸਾ ਲੈ ਰਹੇ ਹਨ। ਸੰਸਥਾ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਦੱਸਿਆ ਕਿ ਇਸ ਕਵੀ ਦਰਬਾਰ ਵਿੱਚ ਸਥਾਨਕ ਕਵੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਉਤਸ਼ਾਹਿਤ ਜਾਵੇਗਾ। ਉਹਨਾਂ ਕਿਹਾ ਕਿ ਕਵੀ ਦਰਬਾਰ ਮੌਕੇ ਗੁਰੂ ਨਾਨਕ ਦੇਵ ਜੀ ਅਤੇ ਪੰਜਾਬੀ ਦੇ ਨਾਮਵਰ ਕਵੀਆਂ ਦੇ ਸ਼ਬਦ-ਚਿੱਤਰਾਂ ਦੀ ਇੱਕ ਵਿਸ਼ਾਲ ਪ੍ਰਦਰਸ਼ਨੀ ਵੀ ਲਗਾਈ ਜਾ ਰਹੀ ਹੈ। ਸਮਾਗਮ ਲਈ ਵਿਸ਼ੇਸ਼ ਤੌਰ ਤੇ ਤਿਆਰ ਕਰਕੇ ਪੇਸ਼ ਕੀਤਾ ਜਾਣ ਵਾਲਾ ਸਭਿਆਚਾਰਿਕ ਪ੍ਰੋਗਰਾਮ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਹੋਵੇਗ।

ਇਸ ਕਵੀ ਦਰਬਾਰ ਲਈ ਜੀ ਟੀ ਏ ਵਿੱਚ ਕੰਮ ਕਰਦੀਆਂ ਸਾਰੀਆਂ ਸਾਹਿਤ ਸਭਾਵਾਂ ਤੇ ਲੇਖਕਾਂ ਸਮੇਤ ਸਾਹਿਤ ਪ੍ਰੇਮੀਆਂ ਨੂੰ ਸੱਦਾ-ਪੱਤਰ ਭੇਜੇ ਗਏ ਹਨ। ਉਹਨਾਂ ਨੇ ਪ੍ਰਿੰਟ, ਇਲੈਕਟਰੋਨਿਕ, ਰੇਡੀਓ, ਟੀ ਵੀ, ਅਤੇ ਸ਼ੋਸ਼ਲ ਮੀਡੀਏ ਨਾਲ ਜੁੜੇ ਸਮੂਹ ਪੰਜਾਬੀ ਹਿਤੈਸ਼ੀਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਮਾਗਮ ਦੀ ਸਫ਼ਲਤਾ ਲਈ ਭਰਪੂਰ ਸਹਿਯੋਗ ਦੇਣ। ਉਹਨਾਂ ਦੱਸਿਆ ਕਿ ਕਵੀ ਦਰਬਾਰ ਦੇ ਸਮਾਗਮਾਂ ਮੌਕੇ ਖਾਣ-ਪੀਣ ਦਾ ਵਿਸ਼ੇਸ਼ ਮੁਫ਼ਤ ਪ੍ਰਬੰਧ ਹੋਵੇਗਾ। ਇਸ ਮੌਕੇ ਹੋਰਾਂ ਤੋਂ ਇਲਾਵਾ ਕਵੀ ਕਰਨ ਅਜਾਇਬ ਸੰਘਾ, ਸੁਰਿੰਦਰ ਪਾਮਾ, ਪੂਰਨ ਸਿੰਘ ਪਾਂਧੀ, ਇਕਬਾਲ ਮਾਹਲ, ਜਰਨੈਲ ਸਿੰਘ ਮਠਾਰੂ, ਸੁਰਿੰਦਰਜੀਤ ਕੌਰ, ਪਰਮਜੀਤ ਦਿਓਲ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਕਿਸੇ ਵੀ ਕਿਸਮ ਦੇ ਸੁਝਾਅ ਅਤੇ ਜਾਣਕਾਰੀ ਲਈ ਫੋਨ ਨੰਬਰ 416-305-9878 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਰੱਗ ਅਵੇਅਰਨੈਸ ਸੰਬੰਧੀ ਪ੍ਰੋਗਰਾਮ 5 ਨਵੰਬਰ ਨੂੰ

ਸੁਸਾਇਟੀ ਵੱਲੋਂ ਜਿਥੇ ਨਸ਼ਿਆਂ ਬਾਰੇ ਜਾਗਰੂਕਤਾ ਦਿਤੀ ਜਾਂਦੀ ਹੈ ਉਥੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਯੂਥ ਨੂੰ ਹਰ ਕਦਮ ਤੇ ਯੋਗ ਅਗਵਾਈ ਵੀ ਦਿਤੀ ਜਾਵੇ ਸਕੂਲ ਤੋਂ ਬਾਅਦ ਉਚੇਰੀ ਵਿਦਿਆ ਲਈ ਸਲਾਹ ਮਸ਼ਵਰਾ ਕਰਨ ਲਈ ਅਸੀ ਹਰ ਸਾਲ ਵੱਖ ਵੱਖ ਖੇਤਰਾਂ ਦੇ ਮਾਹਰਾਂ ਨੂੰ ਬੁਲਾ ਕੇ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਮਿਲਾਇਆ ਜਾਂਦਾ ਹੈ ਮਕਸਦ ਇਹ ਕਿ ਸਹੀ ਕਿੱਤੇ ਦੀ ਚੋਣ ਕਰਨ ਵਿਚ ਇਹ ਮਾਹਰ ਉਹਨਾਂ ਨੂੰ ਬਚੇ ਦੀ ਦਿਲਚਸਪੀ ਮੁਤਾਬਕ ਮਦਦ ਕਰ ਸਕਣ ਜਿਹੜੇ ਬੱਚੇ ਯੂਨੀਵਰਸਿਟੀ ਨਹੀਂ ਜਾ ਸਕਦੇ, ਉਹਨਾਂ ਨੂੰ ਕਿਤਾ ਮੁਖੀ

ਕੋਰਸਾਂ ਬਾਰੇ ਜਾਣਕਾਰੀ ਦਿਤੀ ਜਾਵੇ ਇਸ ਤੋਂ ਵੀ ਇਲਾਵਾ ਜਿਹੜੇ ਬਚੇ ਹਾਈ ਸਕੂਲ ਪਾਸ ਕਰਨ ਤੋਂ ਕਤਰਾਉਂਦੇ ਹਨ ਉਹਨਾਂ ਨੂੰ ਉਤਸ਼ਾਹਤ ਕਰਨ ਤੇ ਹਲਾ ਸ਼ੇਰੀ ਦੇਣ ਲਈ ਮਾਹਰਾਂ ਨਾਲ ਮਿਲਾਇਆ ਜਾਵੇ ਇਸ ਸਾਲ ਇਹ ਪ੍ਰੋਗਰਾਮ ਪੰਜ ਨਵੰਬਰ ਨੂੰ ਸ਼ਾਮ ਦੇ ਪੰਜ ਤੋਂ ਅੱਠ ਵਜੇ ਤੱਕ ਲੂਈਸ ਆਰਬਰ ਸਕੈਂਡਰੀ ਸਕੂਲ 365 ਫਾਦਰ ਟੋਬਿਨ ਰੋਡ ਤੇ ਹੋ ਰਿਹਾ ਹੈ। ਸਭ ਨੂੰ ਆਉਣ ਲਈ ਖੁੱਲ੍ਹਾ ਸੱਦਾ ਹੈ।

# ਪਾਰਟਨਰ ਤੋਂ ਪੁੱਛੇ ਬਿਨਾਂ ਉਸ ਦਾ ਫੋਨ ਫੋਲਣ ਦੀ ਆਦਤ ਕਿਧਰੇ ਪਾਗਲਪਣ ਨਾ ਬਣ ਜਾਵੇ

ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਆਪਣੇ ਪਾਰਟਨਰ ਦੇ ਫੋਨ 'ਚ ਜਾਸੂਸੀ ਕਰਨ ਦੀ ਆਦਤ ਬੇਹੱਦ ਆਮ ਹੈ ਅਤੇ ਜ਼ਿਆਦਾਤਰ ਔਰਤਾਂ ਅਜਿਹਾ ਕਰਦੀਆਂ ਹਨ। ਜ਼ਿਆਦਾਤਰ ਲੋਕ ਜੋ ਆਪਣੇ ਪਾਰਟਨਰ ਜਾਂ ਦੋਸਤਾਂ ਦਾ ਫੋਨ ਚੈਕ ਕਰਦੇ ਹਨ, ਉਸ ਪਿੱਛੇ ਮੁੱਖ ਵਜ੍ਹਾ ‘ਸਾੜ’ ਹੁੰਦਾ ਹੈ ਅਤੇ ਨਾਲ ਉਨ੍ਹਾਂ ਦੀ ਸੋਚ ਇਹ ਕਹਿੰਦੀ ਹੈ ਕਿ ਉਹ ਦੂਸਰਿਆਂ ਨਾਲ ਆਪਣੇ ਪਾਰਟਨਰ ਦੇ ਰਿਲੇਸ਼ਨਸ਼ਿਪ ਨੂੰ ਕੰਟਰੋਲ ਕਰ ਸਕਣ। ਹੈਰਾਨੀ ਦੀ ਗੱਲ ਇਹੀ ਹੈ ਕਿ ਜ਼ਿਆਦਾਤਰ ਲੋਕ ਆਪਣੇ ਪਾਰਟਨਰ, ਜੀਵਨ ਸਾਥੀ ਜਾਂ ਦੋਸਤਾਂ ਵੱਲੋਂ ਆਪਣੇ ਫੋਨ 'ਚ ਝਾਕਣ ਦੀ ਆਦਤ 'ਤੇ ਰੋਕ ਨਹੀਂ ਸਕਦੇ। ਕਈ ਲੋਕ ਅਜਿਹੇ ਵੀ ਹਨ, ਜਿਨ੍ਹਾਂ ਨੂੰ ਇਹ ਆਦਤ ਪਸੰਦ ਨਹੀਂ ਆਉਂਦੀ ਹੈ ਤੇ ਇਸ ਵਜ੍ਹਾ ਨਾਲ ਉਨ੍ਹਾਂ ਦਾ ਰਿਸ਼ਤਾ ਟੁੱਟ ਸਕਦਾ ਹੈ।

ਇਹ ਗੱਲ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਅਤੇ ਯੂਨੀਵਰਸਿਟੀ ਆਫ ਲਿਸਬਨ ਦੇ ਸਾਂਝੇ ਅਧਿਐਨ ਵਿੱਚ ਸਾਹਮਣੇ ਆਈ ਹੈ। ਸੀਨੀਅਰ ਕੰਸਲਟੈਂਟ ਸਾਇਕਾਲੋਜਿਸਟ ਸ਼ਵੇਤਾ ਸਿੰਘ ਦਾ ਕਹਿਣਾ ਹੈ, ‘ਪਾਰਟਨਰ ਨੂੰ ਬਿਨਾਂ ਦੱਸੇ ਜਾਂ ਬਿਨਾਂ ਪੁੱਛੇ ਉਨ੍ਹਾਂ ਦੇ ਫੋਨ 'ਚ ਤਾਕ-ਝਾਕ ਕਰਨ ਦਾ ਮਤਲਬ ਹੈ ਕਿ ਤੁਸੀਂ ਉਨ੍ਹਾਂ ਦੀ ਜਾਸੂਸੀ ਕਰ ਰਹੇ ਹੋ ਤੇ ਇਹੀ ਗੱਲ ਹੌਲੀ ਹੌਲੀ ਤੁਹਾਡੀ ਆਦਤ ਬਣ ਜਾਂਦੀ ਹੈ। ਜੇ ਇਹ ਆਦਤ ਹੱਦ ਤੋਂ ਵਧ ਜਾਵੇ, ਕੰਟਰੋਲ ਤੋਂ ਬਾਹਰ ਹੋ ਜਾਵੇ ਤਾਂ ਇਹ ਪਾਗਲਪਣ ਬਣ ਜਾਂਦੀ ਹੈ ਅਤੇ ਫਿਰ ਤੁਹਾਡੇ ਮਨ ਵਿੱਚ ਪਾਰਟਨਰ ਦੇ ਹਰ ਇੱਕ ਕਦਮ ਬਾਰੇ ਜਾਨਣ ਦੀ ਇੱਛਾ ਪੈਦਾ ਹੋਣ ਲੱਗਦੀ ਹੈ।" ਇਹ ਅਧਿਐਨ ਬੇਹੱਦ ਛੋਟੇ ਪੱਧਰ 'ਤੇ ਕੀਤਾ ਗਿਆ ਸੀ, ਪਰ ਇਸ ਤੋਂ ਆਏ ਨਤੀਜੇ ਅਤੇ ਟਿੱਪਣੀਆਂ ਹੈਰਾਨ ਕਰਨ ਵਾਲੀਆਂ ਸਨ। ਅਧਿਐਨ ਵਿੱਚ 102 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਤੇ ਉਨ੍ਹਾਂ ਨੂੰ ਉਨ੍ਹਾਂ ਘਟਨਾਵਾਂ ਨੂੰ ਸ਼ੇਅਰ ਕਰਨ ਲਈ ਕਿਹਾ ਗਿਆ ਜਿਨ੍ਹਾਂ 'ਚ ਉਨ੍ਹਾਂ ਦੇ ਪਾਰਟਨਰ ਨੇ ਉਨ੍ਹਾਂ ਦੇ ਫੋਨ 'ਚ ਤਾਕ ਝਾਕ ਕੀਤੀ। ਉਸ ਤੋਂ ਬਾਅਦ ਉਨ੍ਹਾਂ ਨੂੰ ਇਹ ਵੀ ਦੱਸਣਾ ਸੀ ਕਿ ਏਦਾਂ ਕਰਨ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇ ਦਾ ਕੀ ਹੋਇਆ, ਜਦੋਂ ਉਨ੍ਹਾਂ ਦੇ ਪਾਰਟਨਰ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾਂ ਫੋਨ 'ਚ ਤਾਕ-ਝਾਕ ਕੀਤੀ ਹੈ। ਇਸ ਦੇ ਮੁਤਾਬ ਲਗਭਗ 45 ਫੀਸਦੀ ਲੋਕਾਂ ਦਾ ਰਿਸ਼ਤਾ ਟੁੱਟ ਗਿਆ, ਪਰ 55 ਫੀਸਦੀ ਲੋਕਾਂ ਦਾ ਰਿਸ਼ਤਾ ਇਸ ਜਾਸੂਸੀ ਦੇ ਬਾਵਜੂਦ ਬਚਿਆ ਰਹਿ ਗਿਆ।


ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Study Visa / Visitor Visa
IELTS
LEARN & ACQUIER SKILLS TO SUCCEED



Canada Australia New Zealand USA UK
Garhshankar Chowk
Banga - 144505
Silvern Consultants
Vision. Passion. Excellence
+91-98887-12109
+91-70093-79011
01823-500594
info.silvernconsultants@gmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ





ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਟਰੂਡੋ ਉੱਤੇ ਕਿੰਨਾ ਕੁ ਪ੍ਰਭਾਵ ਪਾ ਸਕੇਗਾ ਜਗਮੀਤ ਸਿੰਘ

ਚੋਣਾਂ ਤੋਂ ਬਾਅਦ ਜਗਮੀਤ ਸਿੰਘ ਨੇ ਐਨ ਡੀ ਪੀ ਕਾਕਸ ਦੀ ਪਹਿਲੀ ਮੀਟਿੰਗ ਤੋਂ ਬਾਅਦ ਟਰੂਡੋ ਦੀ ਘੱਟ ਗਿਣਤੀ ਸਰਕਾਰ ਨੂੰ ਦੋ ਮੁੱਖ ਗੱਲਾਂ ਉੱਤੇ ਨੋਟਿਸ ਦਿੱਤਾ ਹੈ। ਜਗਮੀਤ ਸਿੰਘ ਮੁਤਾਬਕ 43ਵੀਂ ਪਾਰਲੀਮੈਂਟ ਦੇ ਪਲੇਠੇ ਸੈਸ਼ਨ ਦੌਰਾਨ ਹੀ ਐਨ ਡੀ ਪੀ ਵੱਲੋਂ ਯੂਨੀਵਰਸਲ ਫਰਮਾਕੇਅਰ ਲਾਗੂ ਕਰਨ ਲਈ ਇੱਕ ਮੋਸ਼ਨ ਪੇਸ਼ ਕੀਤਾ ਜਾਵੇਗਾ। ਦੂਜਾ ਐਨ ਡੀ ਪੀ ਫੈਡਰਲ ਸਰਕਾਰ ਉੱਤੇ ਦਬਾਅ ਪਾਵੇਗੀ ਕਿ ਕੈਨੇਡਾ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਉਸ ਫੈਸਲੇ ਨੂੰ ਲੈ ਕੇ ਕੀਤੀ ਅਪੀਲ ਨੂੰ ਵਾਪਸ ਲਿਆ ਜਿਸ ਵਿੱਚ ਫਸਟ ਨੇਸ਼ਨ ਬੱਚਿਆਂ ਨੂੰ ਕਈ ਬਿਲੀਅਨ ਡਾਲਰਾਂ ਦਾ ਹਰਜਾਨਾ ਦੇਣ ਲਈ ਕਿਹਾ ਗਿਆ ਸੀ।

ਉਪਰੋਕਤ ਦੋਵੇਂ ਮੁੱਦੇ ਅਜਿਹੇ ਹਨ ਜਿਹਨਾਂ ਉੱਤੇ ਲਿਬਰਲ ਸਰਕਾਰ ਨੂੰ ਬੈਕਫੁੱਟ ਉੱਤੇ ਜਾ ਕੇ ਬੈਟਿੰਗ ਕਰਨ ਲਈ ਮਜਬੂਰ ਹੋਣਾ ਪਵੇਗਾ ਪਰ ਸੁਆਲ ਹੈ ਕਿ ਲਿਬਰਲ ਸਰਕਾਰ ਕਿੰਨੀ ਕੁ ਹੱਦ ਤੱਕ 24 ਸੀਟਾਂ ਵਾਲੀ ਐਨ ਡੀ ਪੀ ਦੇ ਸਹਾਰੇ ਉੱਤੇ ਹੈ? ਪ੍ਰਧਾਨ ਮੰਤਰੀ ਟਰੂਡੋ ਅਤੇ ਉਸਦੇ ਸਲਾਹਕਾਰਾਂ ਨੂੰ ਇਹ ਗੱਲ ਭਲੀਭਾਂਤ ਪਤਾ ਹੈ ਕਿ ਘੱਟ ਗਿਣਤੀ ਹੋਣ ਕਾਰਣ ਉਹਨਾਂ ਨੂੰ ਕਈ ਪਾਸਿਆਂ ਤੋਂ ਦਬਾਅ ਝੱਲਣਾ ਪਵੇਗਾ। ਵੈਸੇ ਵੀ ਪਾਰਲੀਮੈਂਟ ਵਿੱਚ ਨੰਬਰਾਂ ਦੀ ਗਿਣਤੀ ਮਿਣਤੀ ਅਜਿਹੀ ਹੈ ਕਿ ਟਰੂਡੋ ਸਰਕਾਰ ਹੌਲੀ 2 ਆਪਣੀ ਚਾਲ ਚੱਲਦੇ ਹੋਏ ਦੋ ਤੋਂ ਤਿੰਨ ਸਾਲ ਤਾਂ ਆਰਾਮ ਨਾਲ ਤੁਰਦੀ ਰਹੇਗੀ। ਇਸ ਸੋਚ ਪਿੱਛੇ ਕੁੱਝ ਯਥਾਰਤਕ ਕਾਰਣ ਹਨ। ਪਹਿਲਾ ਹੈ ਕਿ ਬਲਾਕ ਕਿਉਬਕੋਆ ਕੋਲ 32 ਸੀਟਾਂ ਹਨ ਅਤੇ ਉਹ ਅਜਿਹੇ ਕਿਸੇ ਵੀ ਮੁੱਦੇ ਉੱਤੇ ਲਿਬਰਲਾਂ ਦਾ ਸਾਥ ਦੇਵੇਗੀ ਜਿਸ ਉੱਤੇ ਸਰਕਾਰ ਦਾ ਵਿਰੋਧ ਕਰਨ ਨਾਲ ਐਨ ਡੀ ਪੀ ਦਾ ਹੱਥ ਉੱਚਾ ਹੁੰਦਾ ਵਿਖਾਈ ਦੇਂਦਾ ਹੋਵੇ। ਜਗਮੀਤ ਸਿੰਘ ਲਈ ਭੱਵਿਖ ਵਿੱਚ ਕਿਉਬਿੱਕ ਵਿੱਚ ਸਨਮਾਨਯੋਗ ਸਥਾਨ ਬਣਾਉਣਾ ਇੱਕ ਅਹਿਮ ਉਦੇਸ਼ ਰਹੇਗਾ ਜਦੋਂ ਕਿ ਬਲਾਕ ਕਿਉਬਕੋਆ ਇਸ ਸੰਭਾਵਨਾ ਨੂੰ ਘੱਟ ਕਰਨ ਲਈ ਕੰਮ ਕਰੇਗੀ।

ਆਉਣ ਵਾਲੇ ਸਮੇਂ ਵਿੱਚ ਐਨ ਡੀ ਪੀ ਨੂੰ ਸਰਕਾਰ ਦੇ ਕੰਮਕਾਜ ਉੱਤੇ ਕਰੜੀ ਨਜ਼ਰ ਰੱਖਣ ਦੇ ਨਾਲ ਨਾਲ ਪਾਰਟੀ ਦੇ ਅੰਦਰੂਨੀ ਮਸਲਿਆਂ ਬਾਰੇ ਸੋਚਣ ਦੀ ਮਜ਼ਬੂਰੀ ਲਗਾਤਾਰ ਬਣੀ ਰਹੇਗੀ। ਐਨ ਡੀ ਪੀ ਲਈ ਆਪਣੀ ਵਿੱਤੀ ਸਥਿਤੀ ਨੂੰ ਸੁਧਾਰਨਾ ਅਹਿਮ ਗੱਲ ਹੈ। ਆਡਿਟ ਕੀਤੇ ਅੰਕੜੇ ਦੱਸਦੇ ਹਨ ਕਿ ਪਾਰਟੀ ਨੇ 2018-19 ਵਿੱਚ ਆਮਦਨ ਨਾਲੋਂ 4.5 ਮਿਲੀਅਨ ਡਾਲਰ ਵੱਧ ਖਰਚੇ ਕੀਤੇ ਹਨ। ਇਹੋ ਜਿਹੇ ਨਾਜ਼ੁਕ ਵਿੱਤੀ ਹਾਲਾਤਾਂ ਦਾ ਪਾਰਟੀ ਨੂੰ ਪਿਛਲੇ 17 ਸਾਲ ਵਿੱਚ ਪਹਿਲੀ ਵਾਰ ਸਾਹਮਣਾ ਕਰਨਾ ਪੈ ਰਿਹਾ ਹੈ।

ਜਿੱਥੇ ਤੱਕ ਜਗਮੀਤ ਸਿੰਘ ਵੱਲੋਂ ਉਠਾਏ ਗਏ ਯੂਨੀਵਰਸਲ ਫਰਮਾਕੇਅਰ ਅਤੇ ਮੂਲਵਾਸੀ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਹਰਜਾਨੇ ਦੇ ਮੁੱਦਿਆਂ ਦਾ ਸੁਆਲ ਹੈ, ਆਸ ਕੀਤੀ ਜਾਣੀ ਚਾਹੀਦੀ ਹੈ ਕਿ ਲਿਬਰਲ ਅਤੇ ਐਨ ਡੀ ਪੀ ਆਪੋ ਵਿੱਚ ਇੱਕ ਅੱਛਾ ਮੁਕਾਬਲਾ ਕਰਨਗੇ। ਫਰਮਾਕੇਅਰ ਲਾਗੂ ਕਰਨ ਲਈ ਲਿਬਰਲ ਸਰਕਾਰ ਵੱਲੋਂ ਉਂਟੇਰੀਓ ਦੇ ਸਾਬਕਾ ਸਿਹਤ ਮੰਤਰੀ ਡਾਕਗਰ ਐਰਿਕ ਹੌਸਕਿਨਸ ਦੀ ਅਗਵਾਈ ਵਿੱਚ ਇੱਕ ਸਲਾਹਕਾਰ ਕਮੇਟੀ ਕਾਇਮ ਕੀਤੀ ਗਈ ਸੀ। ਜੇ ਇਸ ਕਮੇਟੀ ਵੱਲੋਂ ਸਿਫਾਰਸ਼ ਕੀਤੀ ਫਰਮਾਕੇਅਰ ਯੋਜਨਾ ਨੂੰ 2022 ਵਿੱਚ ਲਾਗੂ ਕੀਤਾ ਜਾਂਦਾ ਹੈ ਤਾਂ ਇਸਦਾ ਖਰਚਾ 3.5 ਬਿਲੀਅਨ ਡਾਲਰ ਸਾਲਾਨਾ ਤੋਂ ਆਰੰਭ ਹੋ ਕੇ ਅਗਲੇ ਦਸ ਸਾਲਾਂ ਵਿੱਚ 15.3 ਬਿਲੀਅਨ ਡਾਲਰ ਸਾਲਾਨਾ ਤੱਕ ਅੱਪੜ ਜਾਵੇਗਾ। ਟਰੂਡੋ ਹੋਰੀਂ ਇਸ ਨੂੰ ਖਰਚੇ ਨੂੰ ਪ੍ਰੋਵਿੰਸਾਂ ਦੀ ਮਦਦ ਨਾਲ ਪੂਰਾ ਕਰਨਾ ਚਾਹੁੰਦੇ ਹਨ ਜਦੋਂ ਕਿ ਐਨ ਡੀ ਪੀ ਦੇ ਪਲੇਟਫਾਰਮ ਵਿੱਚ ਪਹਿਲੇ ਸਾਲ ਹੀ 10 ਬਿਲੀਅਨ ਡਾਲਰ ਰੱਖੇ ਜਾਣ ਦਾ ਵਾਅਦਾ ਕੀਤਾ ਗਿਆ ਹੈ। ਐਨੇ ਵੱਡੇ ਫਰਕ ਨੂੰ ਮੇਲਣ ਲਈ ਐਨ ਡੀ ਪੀ ਨੂੰ ਖੁਸ਼ ਕਰਨ ਲਈ ਲਿਬਰਲ ਆਪਣੇ ਟੀਚੇ ਤੋਂ ਕਿੰਨਾ ਕੁ ਥੱਲੇ ਖਿਸਕਣ ਦੀ ਹਿੰਮਤ ਕਰਨਗੇ।

ਇਸੇ ਤਰੀਕੇ ਮੂਲਵਾਸੀ ਬੱਚਿਆਂ ਨੂੰ ਮਿਲਣ ਵਾਲੇ ਹਰਜਾਨੇ ਦੀ ਗੱਲ ਹੈ। ਇਹ ਹਰਜਾਨਾ ਇਸ ਲਈ ਲਾਇਆ ਗਿਆ ਹੈ ਕਿਉਂਕਿ ਰੀਜ਼ਰਵਾਂ ਵਿੱਚ ਰਹਿੰਦੇ ਬੱਚਿਆਂ ਨੂੰ ਬੀਤੇ ਵਿੱਚ ਸਰਕਾਰ ਵੱਲੋਂ ਸਹੀ ਸੇਵਾਵਾਂ ਅਤੇ ਸਹੀ ਵਿੱਤੀ ਮਦਦ ਨਹੀਂ ਸੀ ਦਿੱਤੀ ਜਾਂਦੀ। ਸਿੱਟੇ ਵਜੋਂ ਮੂਲਵਾਸੀ ਬੱਚਿਆਂ ਦਾ ਸਹੀ ਵਿਕਾਸ ਨਹੀਂ ਹੋ ਸਕਿਆ। ਟਰੂਡੋ ਸਰਕਾਰ ਦਾ ਆਖਣਾ ਹੈ ਕਿ ਇਸ ਹਰਜਾਨੇ ਬਾਰੇ ਹੋਰ ਸਲਾਹ ਮਸ਼ਵਰਾ ਕਰਨ ਵਧੇਰੇ ਸਮਾਂ ਦਿੱਤੇ ਜਾਣ ਦੀ ਲੋੜ ਹੈ। ਇਸਦਾ ਇੱਕ ਕਾਰਣ ਖਜਾਨੇ ਵਿੱਚ ਡਾਲਰਾਂ ਦੀ ਘਾਟ ਹੋਣਾ ਵੀ ਹੋ ਸਕਦਾ ਹੈ। ਐਨ ਡੀ ਪੀ ਆਪਣੀਆਂ ਗੱਲਾਂ ਨੂੰ ਕਿੰਨਾ ਕੁ ਮਨਵਾ ਸਕੇਗੀ, ਇਸਦਾ ਪਤਾ ਤਾਂ ਅਗਲੇ ਇੱਕ ਦੋ ਸਾਲ ਦੇ ਅਰਸੇ ਤੋਂ ਬਾਅਦ ਲੱਗੇਗਾ ਪਰ ਲਿਬਰਲ ਸਰਕਾਰ ਦਾ ਬੱਜਟ ਹੋਰ ਵੱਡੇ ਘਾਟੇ ਦੇ ਰਾਹ ਪੈਣਾ ਲਾਜ਼ਮੀ ਹੈ।

## ਪਾਰਲੀਆਮੈਂਟ 'ਚ ਐੱਨ.ਡੀ.ਪੀ. ਵੱਲੋਂ ਫਾਰਮਾਕੇਅਰ ਸਬੰਧੀ ਪਹਿਲਾ ਬਿੱਲ ਕੀਤਾ ਜਾਵੇਗਾ ਪੇਸ਼ : ਜਗਮੀਤ ਸਿੰਘ

...ਪੰਨਾ 1 ਦਾ ਬਾਕੀ

ਹਾਲਾਂਕਿ ਐਨਡੀਪੀ 43ਵੀਂ ਪਾਰਲੀਆਮੈਂਟ ਵਿੱਚ ਪਹਿਲਾਂ ਨਾਲੋਂ ਘੱਟ ਸੀਟਾਂ ਨਾਲ ਜਾਵੇਗੀ ਪਰ ਇਸ ਘੱਟ ਗਿਣਤੀ ਸਰਕਾਰ ਵਿੱਚ ਐਨਡੀਪੀ ਕੋਲ 24 ਸੀਟਾਂ ਹਨ ਤੇ ਉਸ ਨੂੰ ਅਹਿਮ ਭੂਮਿਕਾ ਨਿਭਾਏ ਜਾਣ ਦੀ ਆਸ ਹੈ। ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਸਾਡੀ ਲੋੜ ਹੈ ਤੇ ਅਸੀਂ ਇਸ ਲਈ ਤਿਆਰ ਹਾਂ ਪਰ ਅਸੀਂ ਉਨ੍ਹਾਂ ਨੂੰ ਜਵਾਬਦੇਹ ਵੀ ਬਣਾਵਾਂਗੇ ਕਿਉਂਕਿ ਅਸੀਂ ਕੈਨੇਡੀਅਨਾਂ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੇ ਹਾਂ। ਬਓਜਗਮੀਤ ਸਿੰਘ ਨੇ ਇਹ ਵੀ ਆਖਿਆ ਕਿ ਉਹ ਐਸਐਨਸੀ-ਲਾਵ-ਲਿਨ ਮਾਮਲੇ ਨੂੰ ਮੁੜ ਖੁਲ੍ਹਵਾਉਣਾ ਚਾਹੁਣਗੇ। ਇਹ ਪੁੱਛੇ ਜਾਣ ਉੱਤੇ ਕਿ ਕਾਕਸ ਦਾ ਆਕਾਰ ਵੀ ਹੁਣ ਪਹਿਲਾਂ ਨਾਲੋਂ ਛੋਟਾ ਰਹਿ ਗਿਆ ਹੈ ਤਾਂ ਜਗਮੀਤ ਸਿੰਘ ਨੇ ਆਖਿਆ ਕਿ ਇਹ ਵੀ ਉਨ੍ਹਾਂ ਲਈ ਸਹੀ ਹੈ ਤੇ ਜਿਹੜੀ ਕੈਂਪੇਨ ਉਨ੍ਹਾਂ ਚਲਾਈ ਉਸ ਉੱਤੇ ਉਨ੍ਹਾਂ ਨੂੰ ਮਾਣ ਹੈ।

## ਸਾਡੀ ਤਰਜੀਹ ਹੈਲਥ ਕੇਅਰ ਵਿੱਚ ਨਿਵੇਸ਼ ਕਰਨਾ ਹੋਣੀ ਚਾਹੀਦੀ ਹੈ ਕਟੌਤੀਆਂ ਕਰਨਾ ਨਹੀਂ : ਹੌਰਵਥ

...ਪੰਨਾ 1 ਦਾ ਬਾਕੀ

ਜਾਣਕਾਰੀ ਹਾਸਲ ਕਰਨ ਲਈ ਐਨਡੀਪੀ ਵੱਲੋਂ ਪਾਈ ਗਈ ਅਰਜ਼ੀ ਤਹਿਤ ਕਈ ਖੁਲਾਸੇ ਹੋਏ ਹਨ ਜਿਨ੍ਹਾਂ ਵਿੱਚ ਜੁਲਾਈ 2018 ਤੋਂ ਜੂਨ 2019 ਦਰਮਿਆਨ ਪੀਲ ਮੈਮੋਰੀਅਲ ਦੀ ਸਮਰੱਥਾ 557 ਫੀ ਸਦੀ ਤੋਂ ਵਧ ਕੇ 587 ਫੀ ਸਦੀ ਦਰਜ ਕੀਤੀ ਗਈ।
ਹੌਰਵਥ ਨੇ ਆਖਿਆ ਕਿ ਕਈ ਘੰਟਿਆਂ ਤੱਕ ਦਰਦ ਸਹਿਣ ਤੋਂ ਬਾਅਦ ਕਿਸੇ ਨੂੰ ਵੀ ਆਪਣੇ ਇਲਾਜ ਲਈ ਕਈ ਘੰਟੇ ਦੀ ਉਡੀਕ ਨਹੀਂ ਕਰਨੀ ਚਾਹੀਦੀ। ਪਰ ਪੀਲ ਮੈਮੋਰੀਅਲ ਦੀ ਹਾਲਤ ਇਸ ਲਈ ਵੀ ਚਿੰਤਾਜਨਕ ਹੈ ਕਿਉਂਕਿ ਮਰੀਜ਼ਾਂ ਨੂੰ ਕਿਤੇ ਹੋਰ ਭੇਜਣ ਦੀ ਥਾਂ ਨਹੀਂ ਹੈ। ਇੱਥੋਂ ਨੇੜਲੇ ਬਰੈਂਪਟਨ ਸਿਵਿਕ ਹਸਪਤਾਲ ਤੇ ਇਟੋਬੀਕੋ ਜਨਰਲ ਹਸਪਤਾਲ 100 ਫੀ ਸਦੀ ਸਮਰੱਥਾ ਤੋਂ ਵੀ ਵੱਧ ਉੱਤੇ ਕੰਮ ਕਰ ਰਹੇ ਹਨ ਜਦਕਿ ਸੁਰੱਖਿਅਤ ਕਪੈਸਿਟੀ ਲੈਵਲ 85 ਫੀ ਸਦੀ ਮੰਨਿਆ ਜਾਂਦਾ ਹੈ।
ਹੌਰਵਥ ਨੇ ਆਖਿਆ ਕਿ ਪੀਲ ਮੈਮੋਰੀਅਲ ਸਾਡੇ ਹੈਲਥ ਕੇਅਰ ਸਿਸਟਮ ਦੇ ਤਾਜ਼ਾ ਸੰਕਟ ਦੀ ਮਿਸਾਲ ਹੈ। ਸਾਨੂੰ ਇਸ ਤਰ੍ਹਾਂ ਦੀਆਂ ਕਹਾਣੀਆਂ ਪ੍ਰੋਵਿੰਸ ਭਰ ਤੋਂ ਸੁਣਨ ਨੂੰ ਮਿਲ ਰਹੀਆਂ ਹਨ। ਉਨ੍ਹਾਂ ਆਖਿਆ ਕਿ ਲਿਬਰਲਾਂ ਦੇ ਸਮੇਂ ਵਿੱਚ ਤਾਂ ਹਾਲਵੇਅ ਮੈਡੀਸਨ ਆਮ ਗੱਲ ਸੀ ਪਰ ਡੱਗ ਫੋਰਡ ਵੱਲੋਂ ਤਾਂ ਕਟੌਤੀਆਂ ਕਰਕੇ ਹਾਲਾਤ ਨੂੰ ਬਦ ਤੋਂ ਬਦਤਰ ਕੀਤਾ ਜਾ ਰਿਹਾ ਹੈ। ਹੌਰਵਥ ਨੇ ਆਖਿਆ ਕਿ ਓਨਟਾਰੀਓ ਦੇ ਪਰਿਵਾਰ ਵੀ ਵਰਲਡ ਕਲਾਸ ਹੈਲਥ ਕੇਅਰ ਹਾਸਲ ਕਰਨ ਦੇ ਹੱਕਦਾਰ ਹਨ। ਉਨ੍ਹਾਂ ਆਖਿਆ ਕਿ ਇਸ ਲਈ ਸਾਡੀ ਤਰਜੀਹ ਹੈਲਥ ਕੇਅਰ ਵਿੱਚ ਨਿਵੇਸ਼ ਕਰਨਾ ਹੋਣੀ ਚਾਹੀਦੀ ਹੈ ਇਸ ਵਿੱਚ ਕਟੌਤੀਆਂ ਕਰਨਾ ਨਹੀਂ।

## ਗੀਤਕਾਰ ਮੰਚ ਨੇ ਕਰਵਾਇਆ ਧਾਰਮਿਕ ਕਵੀ ਦਰਬਾਰ

ਲੁਧਿਆਣਾ, 30 ਅਕਤੂਬਰ (ਗਿਆਨ ਸਿੰਘ) ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪੰਜਾਬੀ ਗੀਤਕਾਰ ਮੰਚ ਲੁਧਿਆਣਾ ਵੱਲੋਂ ਲੇਖਕ ਸਰਬਜੀਤ ਵਿਰਦੀ ਦੀ ਅਗਵਾਈ ਵਿਚ ਹੋਰ ਕਈਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਵਿਚ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਕਰਨੈਲ ਸਿੰਘ ਨਗਰ ਫੇਸ-3, ਪੱਖੋਵਾਲ ਰੋਡ ਵਿਖੇਂ ਮਹਾਨ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਕਰਵਾਏ ਗਏ ਇਸ ਕਵੀ ਦਰਬਾਰ ਵਿੱਚ ਨੈਸ਼ਨਲ ਤੇ ਸਟੇਟ ਐਵਾਰੀ ਡਾ. ਗੁਰਚਰਨ ਕੌਰ ਕੋਚਰ, ਸਰਬਜੀਤ ਸਿੰਘ ਵਿਰਦੀ, ਹਰਦੇਵ ਸਿੰਘ ਕਲਸੀ, ਰਵਿੰਦਰ ਸਿੰਘ ਦੀਵਾਨਾ, ਚਰਨਜੀਤ ਸਿੰਘ ਚੰਨ, ਅਮਰਜੀਤ ਸ਼ੇਰਪੁਰੀ, ਸੁਰੇਸ਼ ਯਮਲਾ, ਪਰਮਜੀਤ ਕੌਰ ਮਹਿਕ, ਸਿਮਰਨ ਕੌਰ ਧੁੱਗਾ, ਸਮੇਤ ਸਮੂਹ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀ ਗੁਰੂ ਜੀ ਦੇ ਜੀਵਨ ਤੇ ਚਾਨਣਾ ਪਾਇਆ ਸਟੇਜ ਦਾ ਸੰਚਾਲਨ ਕਰਦੇ ਹੋਏ ਪ੍ਰਸਿੱਧ ਲੇਖਕ ਤੇ ਐਂਕਰ ਸਰਬਜੀਤ ਸਿੰਘ ਵਿਰਦੀ ਨੇ ਸਾਰੇ ਕਵੀਆਂ ਨੂੰ ਸੰਗਤ ਦੇ ਰੂ-ਬ-ਰੂ ਕੀਤਾ ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੀ ਸਮੁੱਚੀ ਪ੍ਰਬੰਧਕ ਕਮੇਟੀ, ਪ੍ਰਧਾਨ ਗੁਰਮੇਲ ਸਿੰਘ ਪ੍ਰਦੇਸੀ, ਡਾ. ਰਜਿੰਦਰ ਸਿੰਘ, ਹਰਜੀਤ ਸਿੰਘ ਗਰੇਵਾਲ, ਗਿਆਨੀ ਗੁਰਦੇਵ ਸਿੰਘ, ਰਣਜੀਤ ਸਿੰਘ ਠੇਕੇਦਾਰ, ਸੰਤ ਸਿੰਘ ਡਾਂਗੋ, ਦਲਜੀਤ ਸਿੰਘ ਸੈਕਟਰੀ ਅਤੇ ਚਮਕੌਰ ਸਿੰਘ ਨੇ ਆਈਆਂ ਹੋਈਆਂ ਸੰਗਤਾਂ ਅਤੇ ਕਵੀਆਂ ਦਾ ਧੰਨਵਾਦ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਭਾਰਤ ਤੋਂ ਆਏ ਕੁਝ ਵਿਦਿਆਰਥੀ ਕੈਨੇਡਾ ਵਿੱਚ ਪੰਜਾਬੀ ਭਾਰਤੀ ਭਾਈਚਾਰੇ ਨੂੰ ਸ਼ਰਮਸਾਰ ਕਰਦੇ ਹਨ



ਸੁਰਜੀਤ ਸਿੰਘ ਫਲੋਰਾ

ਕੈਨੇਡਾ ਵਿਚ ਇੰਡੀਅਨ ਭਾਈਚਾਰੇ ਵਲੋਂ 27 ਅਕਤੂਬਰ ਨੂੰ "ਦੀਵਾਲੀ" ਮਨਾਈ ਗਈ, ਪਰ ਬਹੁਤ ਸਾਰੇ ਨੌਜਵਾਨ ਐਬੀਨੇਜ਼ਰ ਅਤੇ ਗੋਰ ਰੋਡ ਬਰੈਂਪਟਨ ਦੇ ਸਬਜ਼ੀ ਮੰਡੀ ਪਲਾਜ਼ਾ ਵਿਖੇ ਭੰਗੜੇ ਪਾਉਂਦੇ ਅਤੇ ਪਟਾਕੇ ਚਲਾਉਂਦੇ ਨਜ਼ਰ ਆਏ । ਜੋ ਕੇ ਕਾਨੂੰਨ ਦੇ ਮੁਤਾਬਿਕ ਗਲਤ ਹੈ। ਇਸੇ ਤਰ੍ਹਾ ਮੈਕਲੌਗਲਿਨ ਰੋਡ ਐਂਡ ਰੇਲੌਸਨ ਬੁਲੇਵਡ ਤੇ ਵੀ ਵੇਖੇ ਗਏ।
ਠੀਕ ਹੈ, ਸਭ ਕੋਈ ਚਾਹੁੰਦਾ ਹੈ ਕਿ ਮੈਂ ਹਰ ਤਿਉਹਾਰ ਦਾ ਲੁਤਫ਼ ਲਵਾ, ਲੈਣਾ ਵੀ ਚਾਹਿੰਦਾ ਹੈ। ਦਿਨ ਤਿਉਹਾਰ ਨਿੱਤ ਦਿਨ ਤਾਂ ਨਹੀਂ ਆਉਂਦੇ। ਪਰ ਹਰ ਚੀਜ਼ ਦੀ ਕੋਈ ਹੱਦ ਹੁੰਦੀ ਹੈ। ਇਕ ਕਾਨੂੰਨ ਹੁੰਦਾ ਹੈ। ਉਸ ਦੀ ਹੱਦ ਵਿਚ ਰਹਿ ਕੇ ਸਭ ਕੁਝ ਕਰਨਾ ਪੈਂਦਾ ਹੈ। ਪਰ ਸਾਡੇ ਭਾਰਤੀ ਲੋਕ, ਜਦੋਂ ਇਹ ਕਿਸੇ ਵੀ ਚੀਜ਼ ਦਾ ਲੁਤਫ ਲੈਣਾ ਹੋਵੇਂ ਉਹ ਹੱਦਾਂ ਪਾਰ ਕਰ ਹੀ ਜਾਂਦੇ ਹਨ।
ਇਸ ਦਿਵਾਲੀ ਮੌਕੇ ਦੋ ਤਿੰਨ ਵੀਡਿਉ ਸ਼ੋਸ਼ਲ ਮੀਡੀਏ ਤੇ ਭਾਈਚਾਰੇ ਨੂੰ ਸ਼ਰਮੋ ਸ਼ਰਮ ਕਰ ਰਹੀਆਂ ਹਨ। ਜੋ ਕਿ ਸਭ ਤੋਂ ਵੱਡਾ ਪਾਗਲਪਨ, ਮੂਰਖਤਾ ਭਰੇ ਸਟੰਟ ਮੈਂ ਕਦੇ ਨਹੀਂ ਵੇਖੇ , ਇਕ ਦਸਤਾਰਧਾਰੀ ਲੜਕੇ ਵਲੋਂ ਆਪਣੇ ਸਿਰ ਤੇ ਅਨਾਰ ਰੱਖਿਆਂ ਗਿਆ। ਦੂਜਿਆਂ ਨੇ ਉਸ ਨੂੰ ਚਲਾਇਆਂ, ਦਸਤਾਰ ਕੱਪੜਾ ਅੱਗ ਵੀ ਫੜ੍ਹ ਸਕਦਾ ਸੀ, ਵਾਲ ਵੀ ਅੱਗ ਦੀ ਚਿੰਗਆੜੀ ਦੀ ਲਪੇਟ ਵਿਚ ਆ ਸਕਦੇ ਸਨ। ਫਿਰ ਚੱਲਦੇ ਅਨਾਰ ਤੋਂ ਫੁਲ ਝੜੀਆਂ ਨੂੰ ਚਲਾਇਆ ਜਾ ਰਿਹਾ ਹੈ।
ਇਹ ਕਿਸ ਤਰ੍ਹਾਂ ਦੀ ਮਨਮਤ ਹੈ? ਇਹ ਕਿਸ ਤਰ੍ਹਾਂ ਦਾ ਲੁਤਫ਼ ਹੈ? ਜਿਥੇ ਕਿਸੇ ਨੂੰ ਆਪਣੀ ਜਾਨ ਨੂੰ ਜੋਖ਼ਮ ਵਿਚ ਪਾ ਕੇ ਕੁਝ ਵਾਪਰਨ ਤੇ ਪਰਿਵਾਰ ਨੂੰ ਸਾਰੀ ਜ਼ਿੰਦਗੀ ਰੋਂਦੇ ਕਰਲਾਉਂਦੇ ਛੱਡਣਾ ਪੈ ਜਾਵੇਂ।
ਇਕ ਹੋਰ ਵੀਡਿਉ ਵਿਚ ਕਾਰ ਦੀਆਂ ਬਰੇਕਾਂ ਨੂੰ ਚੰਗੀ ਤਰ੍ਹਾਂ ਨੰਪ ਕੇ ਗੈਸ ਪੈਡਲ ਨੂੰ ਦਵਾਇਆਂ ਜਾਂਦਾ ਹੈ। ਜਿਸ ਨਾਲ ਸਾਰੇ ਦਾ ਸਾਰਾ ਪਲਾਜਾ ਧੂੰਏ ਦਾ ਸ਼ਿਕਾਰ ਹੁੰਦਾ ਹੈ। ਇਕ ਪਾਸੇ ਅਸੀਂ ਵਾਤਾਵਰਨ ਨੂੰ ਸਾਫ ਸੁਧਰਾ ਰੱਖਣ ਲਈ ਯਤਨ ਕਰ ਰਹੇ ਹਾਂ। ਸਰਕਾਰਾਂ ਲੱਖਾ ਡਾਲਰ ਖਰਚ ਕਰ ਰਹੀਂ ਹੈ, ਦੂਜੇ ਪਾਸੇ ਇਸ ਤਰ੍ਹਾਂ ਦੇ ਵਿਅਕਤੀ ਜੋ ਕਾਨੂੰਨ ਦੀਆਂ ਧੱਜੀਆਂ ਉੜਾਉਂਦੇ ਹਨ। ਇਥੇ ਹੀ ਨਹੀਂ, ਕਈ ਬੱਚੇ, ਬਜੁਰਗ ਦਮੇ ਦੇ ਮਰੀਜ਼ ਹੁੰਦੇ ਹਨ। ਜੇਕਰ ਉਹ ਇਸ ਧੂੰਏ ਦੀ ਲਪੇਟ ਵਿਚ ਆ ਜਾਣ ਤਾਂ ਉਹਨਾਂ ਦੀ ਦਮ ਘੁਟਨ ਨਾਲ ਮੌਤ ਤੱਕ ਹੋ ਸਕਦੀ ਹੈ।
ਕੋਈ ਸਾਢੇ ਕੁ 9 ਵਜੇ ਮੈਂ ਪਰਿਵਾਰ ਸਮੇਤ ਨਾਨਕਸਰ ਗੁਰੂਘਰ ਤੋਂ ਬਾਹਰ ਨਿਕਲਿਆਂ,ਦੀਵਾਲੀ , ਬੰਦੀ ਛੋਡ ਦਿਵਸ ਦੇ ਭੋਗਾਂ ਤੋ ਬਾਅਦ, ਮਿਕਲੋਗਲਿਨ ਅਤੇ ਰੇਅਲਾਸਨ ਤੇ ਪਹੁੰਚਾ ਤਾਂ ਇਕ ਪਾਸੇ ਸਬਜੀ ਮੰਡੀ ਵਾਲਾ ਪਲਾਜਾਂ ਹੈ ਦੂਜੇ ਪਾਸੇ ਇੰਡੀਅਨ ਪੰਜਾਬੀ ਬਜ਼ਾਰ ਹੈ। ਲੜਕੇ ਇਕ ਪਾਸੇ ਤੋਂ ਦੂਜੇ ਪਾਸੇ ਨੂੰ ਭਰੇ ਟਰੈਫਿਕ ਵਿਚ ਪਟਾਕਿਆਂ ਨੂੰ ਅੱਗ ਲਗਾ ਕੇ ਹਵਾ ਵਿਚ ਛੱਡ ਰਹੇ ਹਨ ਤੇ ਹੁਲੜਵਾਜੀ ਕਰ ਰਹੇ ਸਨ। ਇਥੇ ਇਕ ਹੋਰ ਹਾਦਸਾ ਵੀ ਹੀ ਹੋ ਸਕਦਾ ਸੀ , ਕਿਸੇ ਮਾੜੇ ਮਾਧੜ ਦੀ ਗੱਡੀ ਦਾ ਗੈਸ ਟੈਂਕ ਲੀਕ ਕਰਦਾ ਹੋਵੇਂ ਤੇ ਇਕ ਚਿੰਗਿਆੜੀ ਹੀ ਉਸ ਨੂੰ ਉੜਾਉਣ ਲਈ ਬਹੁਤ ਹੈ।
ਅਸੀਂ ਕਿਉਂ ਨਹੀਂ ਸੋਚਦੇ ਕੁਝ ਵੀ ਬੁਰਾ ਭਲਾ ਕਰਨ ਤੋਂ ਪਹਿਲਾਂ? ਕਿਉਂ ਅਸੀਂ ਖੁਦ ਵੀ ਸ਼ਰਮਸ਼ਾਰ ਹੁੰਦੇ ਹਾਂ ਤੇ ਭਾਈਚਾਰੇ ਨੂੰ ਵੀ ਕਰਦੇ ਹਾਂ?
ਇਨ੍ਹਾਂ ਵਿਦਿਆਰਥੀਆਂ ਦਾ ਇਕ ਹੋਰ ਪੱਖ, ਉਦਾਰਵਾਦੀ ਸਰਕਾਰ, ਸੋਚਦੀ ਹੈ ਕਿ ਇਹ ਕੈਨੇਡੀਅਨ ਆਰਥਿਕਤਾ ਲਈ ਇਕ ਵੱਡਾ ਹੁਲਾਰਾ ਹੈ, ਪਰ ਮੇਰੇ ਖਿਆਲ ਵਿਚ ਉਹ ਪੰਜਾਬੀ ਭਾਰਤੀ ਭਾਈਚਾਰੇ ਲਈ ਬਹੁਤ ਨੁਕਸਾਨ ਅਤੇ ਸ਼ਰਮਸਾਰ ਹਨ। ਸੋਸ਼ਲ ਮੀਡੀਆ 'ਤੇ ਲੋਕਾਂ ਨੇ ਇਸ ਕਾਰਜ ਨੂੰ ਸਿੱਖ ਦਸਤਾਰ ਦੀ ਬੇਅਦਬੀ ਦਾ ਕਰਾਰ ਦਿੱਤਾ ਹੈ।
ਵੀਡੀਓ ਕੈਨੇਡਾ ਵਿੱਚ ਪੜ੍ਹ ਰਹੇ ਪੰਜਾਬੀ ਵਿਦਿਆਰਥੀਆਂ ਦੀ ਹੈ ਜੋ ਸੋਚਦੇ ਹਨ ਕਿ ਦਸਤਾਰ ਦੇ ਉਪਰ ਪਟਾਕੇ ਚਲਾਉਣਾ ਇੱਕ ਬਹੁਤ ਨਿਰਾਲਾਂ ਵਿਚਾਰ ਹੈ।
ਸਮੇਂ ਸਮੇਂ ਭਾਰਤ ਤੋਂ ਆਏ ਵਿਦਿਆਰਥੀਆਂ ਦੀਆਂ ਵੀਡੀਉ ਸ਼ੋਸ਼ਲ ਮੀਡੀਏ ਤੇ ਵਇਰਲ ਹੁੰਦੀਆਂ ਰਹਿੰਦੀਆਂ ਹਨ।ਕਦੇ ਲੜਾਈ ਝਗੜੇ ਦੀਆਂ , ਕਦੇ ਬੇਸਮੈਂਟਾਂ ਵਿਚ ਗੰਦ ਪਾਉਣ ਦੀਆਂ। ਕਨੇਡਾ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਪੰਜਾਬੀ ਵਿਦਿਆਰਥੀਆਂ ਵੱਲੋਂ ਬੇਹੁਦਰੀਆਂ ਹਰਕਤਾਂ ਕਰਨ ਕਾਰਨ ਪੰਜਾਬੀ ਭਾਈਚਾਰਾ ਸ਼ਰਮ ਮਹਿਸੂਸ ਕਰਦਾ ਹੈ।
ਜਿਥੇ ਸ਼ਰਮ ਮਹਿਸੂਸ ਕਰਦਾ ਹੈ , ਉਥੇ ਅਸੀਂ ਕੈਨੇਡਾ ਦੀ ਪਾਰਲੀਮੈਂਟ ਹੋਵੇਂ ਸੂਬੇ ਦੀ ਸਰਕਾਰ ਹੋਵੇ ਜਾਂ ਮਿਊਂਸੀਪੈਲਟੀ ਦੀ ਸਰਕਾਰ ਅਸੀਂ ਵੱਧ ਤੋਂ ਵੱਧ ਆਪਣੇ ਭਾਈਚਾਰੇ ਦੇ ਉਮੀਦਵਾਰਾਂ ਨੂੰ ਜਿਤਾ ਕੇ ਪਾਰਲੀਮੈਂਟ ਵਿਚ ਭੇਜਦੇ ਹਾਂ । ਜਿਥੇ ਕੈਨੇਡੀਅਨ ਭਾਈਚਾਰਾ ਹੀ ਨਹੀਂ ਬੱਲਕੇ ਦੁਨੀਆਂ ਦੇ ਕੋਨੇ ਕੋਨੇ ਵਿਚ ਬੈਠਾਂ ਭਾਰਤੀ ਪੰਜਾਬੀ ਫਖਰ ਨਾਲ , ਮਾਣ ਨਾਲ ਸਿਰ ਉਚਾ ਕਰਕੇ ਚੱਲਦਾ ਹੈ। ਇਥੇ ਇਹ ਕਹਿਣਾ ਵੀ ਕੋਈ ਗਲਤ ਨਹੀਂ ਹੈ ਜੋ ਮੁਕਾਮ ਇੱਜ਼ਤ ਮਾਣ ਸ਼ੋਹਰਤ ਜਗਮੀਤ ਸਿੰਘ ਨੇ ਸਿੱਖ ਕੌਮ ਨੂੰ ਬਖ਼ਸ਼ਿਆਂ ਹੈ, ਇਕ ਪਹਿਛਾਣ ਦਿੱਤੀ ਹੈ। ਉਥੇ ਇਹ ਇਕੀ ਦੁਕੀ ਵਿਦਿਆਰਥੀ ਮਿੰਟਾ ਸਕਿੰਟਾ ਵਿਚ ਭਾਈਚਾਰੇ ਦਾ ਨਾਂ ਮਿੱਟੀ ਕਰ ਦਿੰਦੇ ਹਨ ਤੇ ਸਿਰ ਸ਼ਰਮ ਨਾਲ ਝੁਕਾ ਦਿੰਦੇ ਹਨ। ।
ਵਿਦਿਆਰਥੀ ਮੁੱਖ ਤੌਰ 'ਤੇ ਭਾਰਤ ਤੋਂ ਹਨ ਜੋ ਕਿ ਬਿਹਤਰ ਜ਼ਿੰਦਗੀ, ਬਿਹਤਰ ਭਵਿੱਖ ਲਈ, ਕੈਨੇਡਾ ਪੜ੍ਹਨ ਲਈ ਆਉਂਦੇ ਹਨ, ਪਰ ਅਕਸਰ ਵਿਵਾਦਾਂ ਦਾ ਕੇਂਦਰ ਬਣ ਜਾਂਦੇ ਹਨ.
ਨਾਲ ਹੀ, ਸ਼ਹਿਰ ਬਰੈਂਪਟਨ, 2020 ਵਿੱਚ ਪਹਿਲੀ ਜਨਤਕ ਦੀਵਾਲੀ ਪਟਾਕੇ ਪ੍ਰਦਰਸ਼ਨੀ ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ। ਕੁਝ ਸਾਲ ਪਹਿਲਾਂ ਪਟਾਕਿਆਂ ਨਾਲ ਦੋ ਘਰਾਂ ਦੇ ਨੁਕਸਾਨ ਤੋਂ ਬਾਅਦ ਅਤੇ ਹੁਣ ਇਨ੍ਹਾਂ ਦੋਵਾਂ ਵਿਡੀਓਜ਼ ਨੂੰ ਵੇਖਣ ਤੋਂ ਬਾਅਦ, ਮੈਂ ਬਰੈਂਪਟਨ ਸਿਟੀ ਦੀ ਸਰਕਾਰ ਨੂੰ ਪਟਾਕਿਆਂ ਦੇ ਕਾਨੂੰਨ ਨੂੰ ਇਕ ਵਾਰ ਫਿਰ ਤੋਂ ਜਾਂਚ ਪੜਤਾਲ ਕਰਕੇ ਇਸ ਨੂੰ ਸਖ਼ਤ ਹੱਦਾਂ ਤੇ ਹਦਾਇਤਾਂ ਵਿਚ ਬੰਦ ਕਰਨ ਦੀ ਅਪੀਲ ਕਰਦਾ ਹਾਂ । ਜਿਸ ਨਾਲ ਅੱਗੋ ਤੋਂ ਇਸ ਤਰ੍ਹਾਂ ਦੇ ਹਾਦਸਿਆਂ ਅਤੇ ਕੁਝ ਤੁਛ ਜਿਹੇ ਲੋਕਾਂ ਵਲੋਂ ਇਸ ਤਰ੍ਹਾ ਦੇ ਭੱਦੇ ਮਜਾਕਾਂ ਤਹਿਤ ਭਾਈਚਾਰੇ ਦਾ ਨਾਂ ਨਾ ਬਦਨਾਮ ਕੀਤਾ ਜਾ ਸਕੇ, ਸਿਰ ਸ਼ਰਮ ਨਾਲ ਨਾ ਕੋਈ ਝੁਕਾਇਆਂ ਜਾ ਸਕੇ।
'ਤੇ ਮੈਂ ਇਹਨਾਂ ਨੌਜਵਾਨਾਂ ਨੂੰ ਵੀ ਕਹਾਗਾ ਕਿ ਠੀਕ ਹੈ ,ਤੁਸੀਂ ਇੱਕਲੇ ਹੋ , ਮਾਂ ਬਾਪ, ਭੈਣ ਭਰਾਵਾਂ ਤੋਂ ਦੂਰ, ਤੁਹਾਨੂੰ ਇਸ ਇਕ-ਲੇਪਨ ਨੂੰ ਦੂਰ ਕਰਨ ਲਈ ਲੁਤਫ਼ ਲੈਣ ਲਈ , ਜੀਵਨ ਦਾ ਅਨੰਦ ਮਾਨਣ ਲਈ ਕੋਈ ਨਾ ਕੋਈ ਬਹਾਨਾ ਚਾਹਿੰਦਾ ਹੁੰਦਾ ਹੈ। ਜੋ ਕਿਸੇ ਦੋਸਤ ਦਾ ਜਨਮ ਦਿਨ, ਜਾਂ ਕੋਈ ਦਿਨ ਤਿਉਹਾਰ ਹੋ ਸਕਦਾ ਹੈ, ਜਿਥੇ ਤੁਸੀਂ ਆਪਣਿਆਂ ਭਾਵਨਾਵਾਂ ਨੂੰ ਆਪਣੇ ਇਕੱ-ਲੇਪਨ ਨੂੰ ਦੂਰ ਕਰਨ ਲਈ ਮੈਦਾਨ ਵਿਚ ਨਿਤਰ ਜਾਂਦੇ ਹੋ। ਨਿਤਰੋ , ਜਰੂਰ ਨਿਤਰੋ ਪਰ ਕਾਨੂੰਨ ਦੀਆਂ ਹੱਦਾਂ ਅਤੇ ਭਾਈਵਾਰੇ ਦੇ ਮਾਣ ਦੇ ਘੇਰੇ ਵਿਚ ਰਹਿ ਕੇ, ਜਿਸ ਨਾਲ ਤੁਹਾਡਾ ਵੀ ਤੇ ਭਾਈਚਾਰੇ ਤੋਨ ਵੀ ਵੱਧ ਕੇ ਕੈਨੇਡਾ ਵਰਗੇ ਦੇਸ਼ ਦਾ ਮਾਣ ਵਿਚ ਨਾਂ ਉਚਾ ਹੋਵੇ ਨਾ ਕੇ ਸਰਮੋਸ਼ਾਰ।

## ਸੁਰੱਖਿਆ ਗਾਰਡ ਵੱਲੋਂ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ

ਜਲੰਧਰ, 30 ਅਕਤੂਬਰ (ਪੋਸਟ ਬਿਊਰੋ)- ਅੱਡਾ ਹੁਸ਼ਿਆਰਪੁਰ ਫਾਟਕ ਨੇੜੇ ਕੱਲ੍ਹ ਰਾਤ ਇੱਕ ਸਕਿਓਰਿਟੀ ਗਾਰਡ ਨੇ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਉਸ ਦੀ ਪਛਾਣ ਅਬਾਦਪੁਰ ਦੇ ਵਾਸੀ ਸੰਜੇ ਕੁਮਾਰ (48) ਪੁੱਤਰ ਕਿਸ਼ਨ ਕੁਮਾਰ ਵਜੋਂ ਹੋਈ ਹੈ। ਇਸ ਬਾਰੇ ਰੇਲਵੇ ਪੁਲਸ ਕਾਰਵਾਈ ਕਰ ਰਹੀ ਹੈ।
ਥਾਣਾ ਜੀ ਆਰ ਪੀ ਦੇ ਏ ਐਸ ਆਈ ਸਲਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਨਿੱਜੀ ਫੈਕਟਰੀ 'ਚ ਕੰਮ ਕਰਦੀ ਹੈ। ਉਸ ਦਾ 18 ਸਾਲ ਦਾ ਪੁੱਤਰ ਹੈ। ਪੁਲਸ ਨੂੰ ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਕੱਲ੍ਹ ਰਾਤ ਅੱਠ ਵਜੇ ਦੇ ਕਰੀਬ ਉਹ ਖਾਣਾ ਖਾ ਕੇ ਸੈਰ ਕਰਨ ਦਾ ਕਹਿ ਕੇ ਘਰੋਂ ਬਾਹਰ ਨਿਕਲਿਆ। ਉਹ ਕਾਫੀ ਦੇਰ ਨਾ ਮੁੜਿਆ। ਇਸੇ ਦੌਰਾਨ ਉਸ ਨੂੰ ਉਕਤ ਹਾਦਸੇ ਦੀ ਜਾਣਕਾਰੀ ਮਿਲੀ। ਏ ਐਸ ਨੇ ਆਈ ਨੇ ਦੱਸਿਆ ਕਿ ਮ੍ਰਿਤਕ ਕੋਲੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਪੁਲਸ ਨੇ ਪਰਵਾਰਕ ਮੈਂਬਰਾਂ ਦੇ ਬਿਆਨਾਂ ਉੱਤੇ ਕਾਰਵਾਈ ਕਰ ਦਿੱਤੀ ਹੈ।







ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਡਿਵੀਜ਼ਨਲ ਕਮਿਸ਼ਨਰ ਅਤੇ ਆਈ.ਜੀ. ਵੱਲੋਂ 550ਵੇਂ ਪ੍ਰਕਾਸ਼ ਸਮਾਗਮਾਂ ਨੂੰ ਸਫ਼ਲਤਾ ਪੂਰਵਕ ਕਰਵਾਉਣ ਲਈ ਅਧਿਕਾਰੀਆਂ ਨੂੰ ਤਿਆਰ-ਬਰ-ਤਿਆਰ ਰਹਿਣ ਦਾ ਸੱਦਾ



ਸੁਲਤਾਨਪੁਰ ਲੋਧੀ, 30 ਅਕਤੂਬਰ (ਗਿਆਨ ਸਿੰਘ): ਡਵੀਜ਼ਨਲ ਕਮਿਸ਼ਨਰ ਸ੍ਰੀ ਬੀ.ਪੁਰੂਸ਼ਾਰਥਾ ਅਤੇ ਇੰਸਪੈਕਟਰ ਜਨਰਲ ਆਫ਼ ਪੁਲਿਸ ਸ੍ਰੀ ਨੌਨਿਹਾਲ ਸਿੰਘ ਨੇ ਅੱਜ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਮਨਾਏ ਜਾ ਰਹੇ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਤਿਆਰ-ਬਰ-ਤਿਆਰ ਰਹਿਣ ਲਈ ਕਿਹਾ ਗਿਆ।

ਸਥਾਨਕ ਮਾਰਕਿਟ ਕਮੇਟੀ ਦਫ਼ਤਰ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਵੀਜ਼ਨਲ ਕਮਿਸ਼ਨਰ ਅਤੇ ਆਈ. ਜੀ.ਜਿਨਾਂ ਦੇ ਨਾਲ ਡਿਪਟੀ ਕਮਿਸ਼ਨਰ ਡੀ.ਪੀ.ਐਸ.ਖਰਬੰਦਾ ਅਤੇ ਐਸ.ਐਸ.ਪੀ.ਸਤਿੰਦਰ ਸਿੰਘ ਵੀ ਮੌਜੂਦ ਸਨ ਨੇ ਕਿਹਾ ਕਿ ਸਾਰੇ ਅਧਿਕਾਰੀ ਤੇ ਕਰਮਚਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਕਰਵਾਏ ਜਾ ਰਹੇ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨਿਰਵਿਘਨ ਨੇਪਰੇ ਚਾੜਨ ਲਈ ਪਾਬੰਦ ਹਨ। ਉਨਾਂ ਕਿਹਾ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਇਨਾਂ ਸਮਾਗਮਾਂ ਨੂੰ ਸੁਚੱਜੇ ਨਾਲ ਨੇਪਰੇ ਚਾੜਨ ਲਈ ਬਿਹਤਰੀਨ ਤਾਲਮੇਲ ਦਾ ਪ੍ਰਦਰਸ਼ਨ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਕਾਰਜ ਵਿੱਚ ਕਿਸੇ ਵੀ ਤਰਾਂ ਦੀ ਅਣਗਹਿਲੀ ਤੇ ਢਿਲ ਮੱਠ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਡਵੀਜ਼ਨਲ ਕਮਿਸ਼ਨਰ ਅਤੇ ਆਈ.ਜੀ. ਵਲੋਂ ਇਸ ਮੌਕੇ ਸ਼ਰਧਾਲੂਆਂ ਦੇ ਰਹਿਣ-ਸਹਿਣ ਅਤੇ ਅਵਾਜਾਈ , ਟਰੈਫਿਕ ਪ੍ਰਬੰਧ, ਵਾਹਨਾਂ ਦੀ ਪਾਰਕਿੰਗ, ਸੁਰੱਖਿਆ, ਅਮਨ ਅਤੇ ਕਾਨੂੰਨ ਦੀ ਵਿਵਸਥਾ ਤੋਂ ਇਲਾਵਾ ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਵਿਖੇ ਸੰਗਤਾਂ ਵਲੋਂ ਸ਼ਰਧਾ ਭੇਟ ਕਰਨ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਨਾਂ ਸਮਾਗਮਾਂ ਲਈ ਪੁਖ਼ਤਾ ਪ੍ਰਬੰਧ ਕੀਤਾ ਚੁੱਕੇ ਹਨ। ਉਨਾਂ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੱਦਾ ਦਿੱਤਾ ਕਿ ਉਹ ਅਪਣੀ ਡਿਊਟੀ ਪੂਰੀ ਲਗਨ ਤੇ ਮਿਹਨਤ ਨਾਲ ਨਿਭਾਉਣ।

ਡਵੀਜ਼ਨਲ ਕਮਿਸ਼ਨਰ ਅਤੇ ਇੰਸਪੈਕਟਰ ਜਨਰਲ ਆਫ਼ ਪੁਲਿਸ ਨੇ ਕਿਹਾ ਕਿ ਪੰਜਾਬ ਸਰਕਾਰ ਇਨਾਂ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਵਚਨਬੱਧ ਹੈ। ਉਨਾਂ ਕਿਹਾ ਕਿ ਇਸ ਮਕਸਦ ਲਈ ਪਹਿਲਾ ਹੀ ਸਮੁੱਚੀ ਵਿਵਸਥਾ ਕੀਤੀ ਜਾ ਚੁੱਕੀ ਹੈ। ਉਨਾਂ ਕਿਹਾ ਕਿ ਜਿਨਾਂ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਉਹ ਕਿਸਮਤ ਵਾਲੇ ਹਨ ਕਿ ਉਨਾਂ ਨੂੰ ਜਿੰਦਗੀ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਅਤੇ ਅਵਤਾਰ ਸਿੰਘ ਭੁੱਲਰ, ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਬਰਜਿੰਦਰ ਸਿੰਘ ਤੇ ਪਰਮਜੀਤ ਸਿੰਘ, ਸਕੱਤਰ ਰਿਜ਼ਨਲ ਟਰਾਂਸਪੋਰਟ ਅਥਾਰਟੀ ਡਾ.ਨਯਨ ਜੱਸਲ, ਉਪ ਮੰਡਲ ਮੈਜਿਸਟਰੇਟ ਵਰਿੰਦਰਪਾਲ ਸਿੰਘ ਬਾਜਵਾ, ਡਾ.ਚਾਰੂਮਿਤਾ, ਪਰਮਿੰਦਰ ਸਿੰਘ ਹੀਰ ਅਤੇ ਲਤੀਫ਼ ਅਹਿਮਦ, ਸਹਾਇਕ ਕਮਿਸ਼ਨਰ ਨਵਨੀਤ ਕੌਰ ਬੱਲ,ਕਾਰਜਕਾਰੀ ਇੰਜੀਨੀਅਰ ਵਰਿੰਦਰ ਕੁਮਾਰ ਅਤੇ ਬੀ.ਐਸ.ਤੁਲੀ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਮਨਾਇਆ





ਮੋਗਾ, 30 ਅਕਤੂਬਰ (ਗਿਆਨ ਸਿੰਘ): ਰਾਮਗੜ੍ਹੀਆ ਵੈਲਫੇਅਰ ਸੁਸਾਇਟੀ, ਧਾਰਮਿਕ,ਸਮਾਜਿਕ ਜੱਥੇਬੰਦੀਆਂ ਵਲੋਂ ਸ਼ਿਲਪਕਲਾ, ਭਵਨ ਨਿਰਮਾਣ ਅਤੇ ਦਸਤਕਾਰੀ ਦੇ ਜਨਮਦਾਤਾ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਧਾਰਮਿਕ ਸਮਾਗਮ ਦੇ ਰੂਪ ਵਿਚ ਗੁਰਦੁਆਰਾ ਵਿਸ਼ਵਕਰਮਾ ਭਵਨ ਵਿਖੇ ਸ਼ਰਧਾਪੂਰਵਿਕ ਮਨਾਇਆ ਗਿਆ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ,ਢਾਡੀ,ਕਵੀਸ਼ਰ ਜੱਥਿਆਂ ਨੇ ਗੁਰਬਾਣੀ ਕੀਰਤਨ ਅਤੇ ਬਾਬਾ ਵਿਸ਼ਵਕਰਮਾ ਜੀ ਦੇ ਜੀਵਨ ਨਾਲ ਸਬੰਧਿਤ ਵਾਰਾਂ ਤੇ ਕਵੀਸ਼ਰੀ ਪੇਸ਼ ਕੀਤੀ। ਇਸ ਮੌਕੇ ਸੰਗਤਾਂ ਦਾ ਸਵਾਗਤ ਕਰਦਿਆਂ ਮਾਸਟਰ ਇੰਦਰਜੀਤ ਸਿੰਘ ਪ੍ਰਧਾਨ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਨੇ ਮੰਗ ਪੱਤਰ ਪੇਸ ਕਰਕੇ ਪੱਛੜੀਆਂ ਜਾਤੀਆਂ ਲਈ ਸ਼ਹਿਰੀ ਤੇ ਪੇਡੂ ਖੇਤਰ ਦੀਆਂ ਸਥਾਨਿਕ ਸਰਕਾਰਾਂ,ਪੰਚਾਇਤੀ ਸੰਸਥਾਵਾਂ ਵਿਚ 27% ਸੀਟਾਂ ਰਾਖਵੀਆਂ ਕਰਨ,ਪੱਛੜੀਆਂ ਜਾਤੀਆਂ ਦੇ ਕਮਿਸ਼ਨ ਪੰਜਾਬ ਦੇ ਚੇਅਰਮੈਨ ਤੇ ਮੈਂਬਰਾਂ ਦੀ ਨਿਯੁਕਤੀ ਕਰਨ, ਬਿਜਲੀ ਦਰਾਂ ਵਿਚ ਕਟੌਤੀ ਕਰਕੇ ਛੋਟੇ ਕਾਰਖਾਨੇਦਾਰਾਂ,ਕਿਰਤੀਆਂ ਨੂੰ ਰਾਹਤ ਦੇਣ,ਅਵਾਰਾ ਪਸ਼ੂਆਂ ਦੇ ਸਮੱਸਿਆ ਦੇ ਹੱਲ ਕਰਨ ਲਈ ਹਲਕੇ ਦੇ ਵਿਧਾਇਕ ਡਾਕਟਰ ਹਰਜੋਤ ਕੰਵਲ ਦਾ ਧਿਆਨ ਦੁਆਇਆ।

ਇਸ ਮੌਕੇ ਵਿਧਾਇਕ ਡਾਕਟਰ ਹਰਜੋਤ ਕੰਵਲ ਨੇ ਸਾਰੀਆਂ ਮੰਗਾਂ ਸਰਕਾਰ ਦੇ ਧਿਆਨ ਵਿਚ ਵਿਚ ਲਿਆਉਣ ਅਤੇ ਸੁਸਇਟੀ ਹਰ ਯੋਗ ਮਦੱਦ ਕਰਨ ਦਾ ਭਰੋਸਾ ਦਿੰਦਿਆ ਸੰਗਤਾਂ ਨੂੰ ਵਿਸ਼ਵਕਰਮਾ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪੰਜ ਮੈਂਬਰੀ ਵਫਦ ਨਾਲ ਜਲਦੀ ਹੀ ਪੰਜਾਬ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਨਗੇ। ਵਿਧਾਇਕ ਦਰਸਨ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਵਿਸ਼ਵਕਰਮਾ ਜੀ ਵਲੋਂ ਦਰਸਾਏ ਮਾਰਗ ਤੇ ਚਲਦਿਆਂ ਸੱਚੀ ਤੇ ਸੁੱਚੀ ਕਿਰਤ ਕਰਨੀ ਚਾਹੀਦੀ ਹੈ। ਉਨ੍ਹਾਂ ਵਿਸ਼ਵਕਰਮਾ ਵੰਸੀਆਂ ਨੂੰ ਵਧਾਈ ਦਿੱਤੀ। ਸਮਾਗਮ ਨੂੰ ਡਾਕਟਰ ਮਾਲਤੀ ਥਾਪਰ ਸਾਬਕਾ ਮੰਤਰੀ, ਵਿਜੈ ਸਾਥੀ ਸਾਬਕਾ ਵਿਧਾਇਕ, ਇੰਦਰਜੀਤ ਸਿੰਘ ਚੇਅਰਮੈਂਨ ਜਿਲਾ ਪ੍ਰੀਸ਼ਦ, ਵਿਨੋਦ ਬਾਂਸਲ ਚੇਅਰਮੈਨ ਨਗਰ ਸੁਧਾਰ ਟਰੱਸਟ, ਬਰਜਿੰਦਰ ਸਿੰਘ ਬਰਾੜ (ਮੱਖਣ) ਸਾਬਕਾ ਚੇਅਰਮੈਨ ਪੰਜਾਬ ਹੈਲਥ ਸਿਸ਼ਟਮ ਕਾਰਪੋਰੇਸ਼ਨ,ਨਸੀਬ ਬਾਵਾ ਐਡਵੋਕੇਟ ਕੌਂਸਲਰ, ਕੁਲਵੰਤ ਸਿੰਘ, ਡਾਕਟਰ ਹਰਨੇਕ ਸਿੰਘ ਰੋਡੇ,ਕੁਲਦੀਪ ਸਿੰਘ ਬੱਸੀਆਂ, ਗੁਰਸੇਵਕ ਸਿੰਘ ਚੀਮਾ, ਚਰਨਜੀਤ ਸਿੰਘ ਝੰਡੇਆਣਾ ਅਤੇ ਹੋਰ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਸਾਂਝੇ ਤੌਰ ਤੇ ਕਿਹਾ ਕਿ ਅਸੀਂ ਖੁਸ਼ਕਿਸ਼ਮਿਤ ਹਾਂ ਕਿ ਸਾਡੇ ਜੀਵਨ ਦੌਰਾਨ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਆ ਰਿਹਾ ਹੈ,ਇਸ ਦੇ ਸਬੰਧ ਵਿਚ 31 ਅਕਤੂਬਰ ਨੂੰ ਮੋਗਾ ਸ਼ਹਿਰ ਵਿਚ ਅੰਤਰਰਾਸ਼ਟਰੀ ਨਗਰ ਕੀਰਤਨ ਪੁੱਜ ਰਿਹਾ ਹੈ ਜਿਸਦਾ ਸਵਾਗਤ ਕਰਨ ਲਈ ਸਾਰੀਆ ਸੰਗਤਾਂ ਪੁੱਜਣ।

ਅਜ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਵਲੋਂ ਸ੍ਰੀਮਤੀ ਗੁਰਿੰਦਰ ਕੌਰ ਮਿਸ਼ਜ ਪੰਜਾਬਣ, (ਡਾਕਟਰ) ਜਸਪ੍ਰੀਤ ਕੌਰ ਚਮੜੀ ਰੋਗਾਂ ਦੀ ਮਾਹਿਰ, ਸਿਵਲ ਹਸਪਤਾਲ ਮੋਗਾ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕਰਨ ਦੇ ਨਾਲ ਗੁਰਸੇਵਕ ਸਿੰਘ ਸੰਨਿਆਸੀ,ਗੁਰਨਾਮ ਸਿੰਘ ਗਾਮਾ, ਸਰੂਪ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਸੁਸਾਇਟੀ ਵਲੋਂ ਡਾਕਟਰ ਹਰਜੋਤ ਕੰਵਲ, ਸ ਬਰਜਿੰਦਰ ਸਿੰਘ ਬਰਾੜ ਨੂੰ ਵੀ ਮੂਮੰਟੋ ਤੇ ਸਿਰੋਪਾਓ ਭੇਂਟ ਕੀਤੇ ਗਏ। ਇਸ ਮੌਕੇ ਸੋਹਣ ਸਿੰਘ ਸੱਗੂ, ਕੁਲਦੀਪ ਸਿੰਘ ਗਰੀਨ, ਰਾਜਾ ਸਿੰਘ ਭਾਰਤ ਵਾਲੇ,ਬਲਦੇਵ ਸਿੰਘ ਜੰਡੂ, ਚਮਕੌਰ ਸਿੰਘ ਝੰਡੇਆਣਾ, ਮੁਖਤਿਆਰ ਸਿੰਘ ਪਤੰਗਾ,ਪ੍ਰਿਤਪਾਲ ਸਿੰਘ ਓਂਕਾਰ ਵਾਲੇ, ਗੁਰਪ੍ਰੀਤ ਸਿੰਘ ਚੀਮਾ ਅਤੇ ਹੋਰ ਮੈਬਰ ਸਾਮਿਲ ਸਨ। ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਗਿਆ।

# ਵਿਭਾਗ ਅਸਰਦਾਰ ਢੰਗ ਨਾਲ ਨਦੀਆਂ ਦੇ ਪ੍ਰਦੂਸ਼ਣ ਨੂੰ ਰੋਕਣ : ਐੱਨ.ਜੀ.ਟੀ. ਕਮੇਟੀ



ਚੰਡੀਗੜ੍ਹ, 30 ਅਕਤੂਬਰ (ਗਿਆਨ ਸਿੰਘ): ਸੂਬੇ ਦੀਆਂ ਨਦੀਆਂ ਵਿਚ ਪ੍ਰਦੂਸ਼ਣ ਦੀ ਸਮੱਸਿਆ ਨੂੰ ਰੱਤੀ ਭਰ ਵੀ ਸਹਿਣ ਨਾ ਕਰਨ ਦਾ ਜ਼ਿਕਰ ਕਰਦੇ ਹੋਏ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਗਠਿਤ ਨਿਗਰਾਨ ਕਮੇਟੀ ਨੇ ਪ੍ਰਭਾਵੀ ਅਤੇ ਨਤੀਜਾ ਮੁਖੀ ਤਰੀਕੇ ਨਾਲ ਇਸ ਸਮੱਸਿਆ ਨਾਲ ਨਜਿੱਠਣ ਲਈ ਕਮਰਕੱਸੇ ਕਰਨ ਵਾਸਤੇ ਸਬੰਧਤ ਅਧਿਕਾਰੀਆਂ ਨੂੰ ਆਖਿਆ ਹੈ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਖਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ।

ਕਮੇਟੀ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਮਿਊਂਸੀਪਲ ਕਾਰਪੋਰੇਸ਼ਨ ਲੁਧਿਆਣਾ ਅਤੇ ਜਲੰਧਰ ਨੂੰ ਉਦਯੋਗਾਂ ਅਤੇ ਘਰਾਂ ਦਾ ਅਣਸੋਧਿਆ ਪਾਣੀ ਨਦੀਆਂ ਵਿੱਚ ਪੈਣ ਤੋਂ ਰੋਕਣ ਲਈ ਸਖਤ ਨਿਗਰਾਨੀ ਰੱਖਣ ਲਈ ਆਖਿਆ ਹੈ। ਇਸ ਦੇ ਨਾਲ ਹੀ ਕਮੇਟੀ ਨੇ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਇਕਾਈਆਂ ਵਿਰੁੱਧ ਕਾਰਵਾਈ ਕਰਨ ਲਈ ਵੀ ਕਿਹਾ ਹੈ।

ਨਦੀਆਂ ਦੀ ਸਫਾਈ ਲਈ ਲਾਗੂ ਕਾਰਜ ਯੋਜਨਾ ਦੀ ਪ੍ਰਗਤੀ ਦਾ ਸੱਤਵੀਂ ਮੀਟਿੰਗ ਵਿੱਚ ਨਿਗਰਾਨ ਕਮੇਟੀ ਦੇ ਚੇਅਰਮੈਨ ਜਸਟਿਸ ਜਸਬੀਰ ਸਿੰਘ (ਸੇਵਾਮੁਕਤ) ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਉੱਘੇ ਵਾਤਾਵਰਨ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਉਠਾਏ ਗਏ ਮੁੱਦਿਆਂ ਦਾ ਜ਼ਿਕਰ ਕੀਤਾ ਅਤੇ ਇਤਿਹਾਸਕ ਕਾਲੀ ਵੇਈਂ ਵਿੱਚ ਕੋਈ ਵੀ ਰਹਿੰਦ-ਖੁਹੰਦ ਨਾ ਸੁੱਟੇ ਜਾਣ ਨੂੰ ਯਕੀਨੀ ਬਣਾਉਣ ਲਈ ਪੰਜਾਬ ਪ੍ਰਦੇਸ਼ ਕੰਟਰੋਲ ਬੋਰਡ ਨੂੰ ਨਿਰਦੇਸ਼ ਦਿੱਤੇ। ਚੇਅਰਮੈਨ ਨੇ ਕਿਹਾ ਕਿ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਸਹਿਣ ਨਹੀਂ ਕੀਤੀ ਜਾਵੇਗੀ। ਜਸਟਿਸ ਜਸਬੀਰ ਸਿੰਘ ਨੇ ਕਿਹਾ ਕਿ ਕਮੇਟੀ ਛੇਤੀ ਹੀ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਸਣੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਜ਼ਮੀਨੀ ਹਕੀਕਤਾਂ ਦਾ ਅਨੁਮਾਨ ਲਾਉਣ ਲਈ ਛੇਤੀ ਹੀ ਇਹਨਾਂ ਥਾਵਾਂ ਦਾ ਦੌਰਾ ਕਰੇਗੀ। ਕਮੇਟੀ ਦੀ ਅਗਲੀ ਮੀਟਿੰਗ 11 ਦਸੰਬਰ ਨੂੰ ਰੱਖੀ ਗਈ ਅਤੇ ਚੇਅਰਮੈਨ ਨੇ ਸਬੰਧਤ ਅਧਿਕਾਰੀਆਂ ਨੂੰ ਆਪਣਾ ਕੰਮ ਨਿਰਧਾਰਤ ਸਮੇਂ ਵਿਚ ਮੁਕੰਮਲ ਕਰਨ ਲਈ ਆਖਿਆ ਹੈ। ਉਹਨਾਂ ਨੇ ਪਿਛਲੇ ਕੁਝ ਮਹੀਨਿਆਂ ਤੋਂ ਵੱਖ-ਵੱਖ ਥਾਵਾਂ ਦੇ ਦੌਰੇ ਕਰਨ ਤੋਂ ਬਾਅਦ ਕਮੇਟੀ ਵੱਲੋਂ ਲਏ ਗਏ ਫੈਸਲਿਆਂ ਅਤੇ ਸ਼ਿਫਾਰਿਸ਼ਾਂ ਉੱਤੇ ਵਿਭਾਗਾਂ/ਏਜੰਸੀਆਂ ਨੂੰ ਢੁਕਵੀਂ ਕਾਰਵਾਈ ਅਮਲ ਵਿਚ ਲਿਆਉਣ ਲਈ ਆਖਿਆ।

ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸੂਬੇ ਦੀਆਂ ਨਦੀਆਂ ਨੂੰ ਪ੍ਰਦੂਸ਼ਣ ਤੋਂ ਮੁਕਤ ਬਣਾਉਣ ਲਈ ਸ਼ਾਮਲ ਸਾਰੀਆਂ ਏਜੰਸੀਆਂ ਇਹ ਯਕੀਨੀ ਬਣਾਉਣਗੀਆਂ ਕਿ ਉਹ ਸਮੇਂ ਸਿਰ ਆਪਣੀ ਕਾਰਵਾਈ ਰਿਪੋਰਟ ਪੇਸ਼ ਕਰਨ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਸਬੰਧਤ ਅਧਿਕਾਰੀ ਜ਼ੁੰਮੇਵਾਰ ਹੋਵੇਗਾ। ਕਮੇਟੀ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਮਿਊਂਸੀਪਲ ਕਾਰਪੋਰੇਸ਼ਨ ਲੁਧਿਆਣਾ ਨੂੰ ਹਦਾਇਤ ਦਿੱਤੀ ਹੈ ਕਿ ਜਮਾਲਪੁਰ, ਭੱਟੀਆਂ 1 ਅਤੇ 2, ਬੱਲੋਕੇ-1 ਅਤੇ 2 ਸੀਵਰੇਜ ਟ੍ਰੀਟਮੈਂਟ ਪਲਾਂਟਾਂ ਨੂੰ ਜਲਦੀ ਅਮਲ ਵਿੱਚ ਲਿਆਂਦਾ ਜਾਵੇ ਤਾਂ ਜੋ ਇਹਨਾਂ ਵਿੱਚ ਗੰਦੇ ਪਾਣੀ ਦਾ ਵਹਾਅ ਰੋਕਿਆ ਜਾ ਸਕੇ। ਕਮੇਟੀ ਨੇ ਲੁਧਿਆਣਾ ਵਿੱਚ 15 ਐਮ.ਐਲ.ਡੀ., 40 ਐਮ.ਐਲ.ਡੀ. ਅਤੇ 50 ਐਮ.ਐਲ.ਡੀ. ਤੋਂ ਇਲਾਵਾ ਜਲੰਧਰ ਵਿਖੇ 15 ਐਮ.ਐਲ.ਡੀ. ਸੀ.ਈ.ਟੀ.ਪੀ. ਅਤੇ ਜਲੰਧਰ ਵਿਖੇ 5 ਐਮ.ਐਲ.ਡੀ. ਸੀ.ਈ.ਟੀ.ਪੀ. ਦਾ ਪੱਧਰ ਉੱਚਾ ਚੁੱਕਣ ਅਤੇ ਲੈਦਰ ਕੰਪਲੈਕਸ ਵਿਚ 6 ਐਮ.ਐਲ.ਡੀ. ਕਾਮਨ ਐਫਲੂਐਂਟ ਟ੍ਰੀਟਮੈਂਟ ਪਲਾਂਟਾਂ ਦੀ ਸਥਾਪਨਾ ਕਰਨ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਦਿੱਤੀ।

ਨਦੀਆਂ ਦੇ ਪਾਣੀ ਦੇ ਮਿਆਰ ਉੱਤੇ ਨਿਗਰਾਨੀ ਦੇ ਸਬੰਧ ਵਿਚ ਕਮੇਟੀ ਨੂੰ ਦੱਸਿਆ ਗਿਆ ਕਿ ਸਤਲੁਜ ਦਰਿਆ ਦੇ ਇੱਕ ਹਿੱਸੇ ਵਿੱਚ ਪਾਣੀ ਦੇ ਮਿਆਰ ਵਿੱਚ ਸੁਧਾਰ ਹੋਇਆ ਹੈ ਜਿੱਥੇ ਸਤਲੁਜ ਅਤੇ ਘੱਗਰ ਨਦੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਪਾਣੀ ਦੇ ਮਿਆਰ ਵਿਚ ਸੁਧਾਰ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਕਮੇਟੀ ਨੇ ਲੁਧਿਆਣਾ ਵਿੱਚ ਤਾਜਪੁਰ ਅਤੇ ਹੈਬੋਵਾਲ ਵਿਖੇ ਡੇਅਰੀ ਕੰਪਲੈਕਸ ਦੀ ਰਹਿੰਦ-ਖੂਹੰਦ ਲਈ ਐਫਲੂਐਂਟ ਟ੍ਰੀਟਮੈਂਟ ਪਲਾਂਟ/ਬਾਇਓ ਗੈਸ ਪਲਾਂਟ ਸਥਾਪਤ ਕਰਨ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਕਮੇਟੀ ਨੂੰ ਦੱਸਿਆ ਕਿ ਪਿੰਡਾਂ ਵਿੱਚ ਟ੍ਰੀਟਮੈਂਟ ਦੀਆਂ ਸੁਵਿਧਾਵਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ। ਪਹਿਲੇ ਗੇੜ ਵਿੱਚ 127 ਪਿੰਡਾਂ ਦੀ ਸ਼ਨਾਖਤ ਕੀਤੀ ਗਈ ਹੈ ਜਦਕਿ 5 ਪਿੰਡਾਂ ਵਿੱਚ ਕੰਮ ਮੁਕੰਮਲ ਹੋ ਗਿਆ ਹੈ ਅਤੇ 18 ਹੋਰ ਪਿੰਡਾਂ ਵਿੱਚ ਕੰਮ ਚੱਲ ਰਿਹਾ ਹੈ।

ਜਸਟਿਸ ਜਸਬੀਰ ਸਿੰਘ ਨੇ ਭੌਂ ਅਤੇ ਜਲ ਸੰਭਾਲ ਵਿਭਾਗ ਨੂੰ ਲੁਧਿਆਣਾ ਦੇ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਰਾਹੀਂ ਸੋਧੇ ਗਏ ਪਾਣੀ ਦੀ ਸੰਚਾਈ ਮਕਸਦਾਂ ਲਈ ਮੁੜ ਵਰਤੋਂ ਕਰਨ ਵਾਸਤੇ ਇਕ ਵਿਸਤ੍ਰਿਤ ਯੋਜਨਾ ਪੇਸ਼ ਕਰਨ ਲਈ ਕਿਹਾ ਹੈ। ਵਿਭਾਗ ਨੇ ਦੱਸਿਆ ਕਿ ਇਸ ਨੇ ਸੋਧੇ ਹੋਏ ਪਾਣੀ ਦੀ ਵਰਤੋਂ ਕਰਨ ਵਾਸਤੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਵੱਡੀ ਮੁਹਿੰਮ ਸ਼ੁਰੂ ਕੀਤੀ ਹੈ ਇਸ ਦੇ ਨਾਲ ਹੀ ਨਾਬਾਰਡ ਨੇ ਪਹਿਲਾਂ ਹੀ ਸੂਬੇ ਵਿਚ 25 ਸੀਵਰੇਜ ਟ੍ਰੀਟਮੈਂਟ ਪਲਾਂਟਾਂ ਦੇ ਜਾਇਆ ਜਾ ਰਹੇ ਪਾਣੀ ਦੀ ਵਰਤੋਂ ਕਰਨ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ ਹੈ।

ਇਸ ਤੋਂ ਪਹਿਲਾਂ ਕਮੇਟੀ ਦੇ ਸਾਬਕਾ ਚੇਅਰਮੈਨ ਜਸਟਿਸ ਪ੍ਰੀਤਮ ਪਾਲ (ਸੇਵਾਮੁਕਤ) ਨੇ ਨਵੇਂ ਨਿਯਕਤ ਚੇਅਰਮੈਨ ਜਸਟਿਸ ਜਸਬੀਰ ਸਿੰਘ ਦੀ ਕਮੇਟੀ ਦੇ ਮੈਂਬਰਾਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਜਾਣਪਛਾਣ ਕਰਾਈ।

ਇਸ ਮੌਕੇ ਹਾਜ਼ਰ ਹੋਰਨਾਂ ਵਿੱਚ ਐਨ.ਜੀ.ਟੀ. ਕਮੇਟੀ ਦੇ ਸੀਨੀਅਰ ਮੈਂਬਰ ਸੁਬੋਧ ਅਗਰਵਾਲ, ਪ੍ਰਮੁੱਖ ਸਕੱਤਰ ਵਾਤਾਵਰਨ ਤੇ ਮੌਸਮੀ ਤਬਦੀਲੀ ਰਾਕੇਸ਼ ਵਰਮਾ, ਕਮੇਟੀ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ, ਬਾਬੂ ਰਾਮ ਅਤੇ ਪ੍ਰੇਮ ਲਾਲ, ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਜਸਕਿਰਨ ਸਿੰਘ, ਕਮਿਸ਼ਨਰ ਨਗਰ ਨਿਗਮ ਲੁਧਿਆਣਾ ਕੰਵਲਪ੍ਰੀਤ ਬਰਾੜ ਅਤੇ ਵਧੀਕ ਕਮਿਸ਼ਨਰ ਐਮ.ਸੀ. ਲੁਧਿਆਣਾ ਸੰਯਮ ਅਗਰਵਾਲ ਸ਼ਾਮਲ ਸਨ।

# ਬਲਬੀਰ ਸਿੱਧੂ ਵੱਲੋਂ ਗੁਰਪੁਰਬ ਸਮਾਗਮ ਸਾਂਝੇ ਤੌਰ ’ਤੇ ਮਨਾਏ ਜਾਣ ਦਾ ਸੱਦਾ

## ਸਿਵਲ ਹਸਪਤਾਲ ’ਚ ਨਵੇਂ ਆਈ.ਸੀ.ਯੂ., ਟਰਾਮਾ ਸੈਂਟਰ ਅਤੇ ਐਮਰਜੈਂਸੀ ਵਾਰਡ ਦਾ ਉਦਘਾਟਨ



ਸੁਲਤਾਨਪੁਰ ਲੋਧੀ, 30 ਅਕਤੂਬਰ (ਗਿਆਨ ਸਿੰਘ ) ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਸਾਰੀਆਂ ਧਿਰਾਂ ਨੂੰ ਆਪੋ-ਆਪਣੇ ਮਤਭੇਦ ਭੁਲਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਸਾਂਝੇ ਤੌਰ ‘ਤੇ ਮਨਾਉਣਾ ਚਾਹੀਦਾ ਹੈ ਤਾਂ ਜੋ ਗੁਰੂ ਸਾਹਿਬ ਦੇ ਸਰਬ ਸਾਂਝੀਵਾਲਤਾ ਦੇ ਸੁਨੇਹੇ ਉਪਰ ਪਹਿਰਾ ਦਿੱਤਾ ਜਾ ਸਕੇ।

ਅੱਜ ਇਥੇ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ 2.44 ਕਰੋੜ ਦੀ ਲਾਗਤ ਨਾਲ ਨਵੇਂ ਬਣਾਏ ਗਏ ਆਈ.ਸੀ.ਯੂ., ਟਰੋਮਾ ਸੈਂਟਰ,ਐਮਰਜੈਂਸੀ ਵਾਰਡ ਦਾ ਉਦਘਾਟਨ ਕਰਨ ਮੌਕੇ ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਗੁਰਪੁਰਬ ਸਮਾਗਮ ਸਾਂਝੇ ਤੌਰ ‘ਤੇ ਮਨਾਉਣ ਲਈ ਵੱਡੀ ਪਹਿਲ ਕਦਮੀ ਕਰਦਿਆਂ ਕੈਬਨਿਟ ਮੰਤਰੀਆਂ ਦਾ ਇਕ ਗਰੁੱਪ ਬਣਾਇਆ ਗਿਆ ਸੀ ਤਾਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਬਿਹਤਰੀਨ ਤਾਲਮੇਲ ਸਥਾਪਿਤ ਕੀਤਾ ਜਾ ਸਕੇ। ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਸ਼ਾਰੇ ‘ਤੇ ਸਾਂਝੇ ਸਮਾਗਮ ਕਰਵਾਉਣ ਦੇ ਯਤਨਾਂ ਨੂੰ ਤਾਰਪੀਡੋ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ 46 ਲੱਖ ਪਰਿਵਾਰਾਂ ਨੂੰ ਰਜਿਸਟਰਡ ਕੀਤਾ ਗਿਆ ਹੈ। ਉਨਾਂ ਕਿਹਾ ਕਿ ਇਹ ਯੋਜਨਾ ਦਿਹਾਤੀ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ।

ਸਿਹਤ ਵਿਭਾਗ ਵਲੋਂ ਗੁਰਪੁਰਬ ਸਮਾਗਮਾਂ ਦੌਰਾਨ ਸਰਧਾਲੂਆਂ ਨੂੰ ਐਮਰਜੰਸੀ ਅਤੇ ਦੂਜੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨਾਂ ਦੱਸਿਆ ਕਿ ਤਿੰਨਾਂ ਟੈਂਟ ਸਿਟੀਆਂ ਵਿੱਚ 15 ਤੋਂ 60 ਬੈਡਾਂ ਦੇ ਆਰਜ਼ੀ ਹਸਪਤਾਲ ਬਣਾਏ ਗਏ ਹਨ। ਇਸ ਤੋਂ ਇਲਾਵਾ ਕਿਸੇ ਹੰਗਾਮੀ ਹਲਾਤ ਨਾਲ ਨਜਿੱਠਣ ਲਈ 24 ਐਂਬੂਲੈਂਸਾਂ ਅਤੇ 20 ਬਾਈਕ ਐਂਬੂਲੈਂਸਾਂ ਲਗਾਈਆਂ ਗਈਆਂ ਹਨ। ਇਸ ਮੌਕੇ ਉਨਾਂ ਇਕ ਡਾਇਰੈਕਟਰੀ ਵੀ ਜਾਰੀ ਕੀਤੀ ਜਿਸ ਵਿੱਚ ਗੁਰਪੁਰਬ ਸਮਾਗਮਾਂ ਲਈ ਨਾਮਜ਼ਦ ਕੀਤੇ 44 ਹਸਪਤਾਲਾਂ ਦੀ ਸੂਚੀ ਅਤੇ ਉਨਾਂ ਦੇ ਸੰਪਰਕ ਨੰਬਰ ਮੌਜੂਦ ਹਨ।


ਇਸ ਮੌਕੇ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਨੇ ਆਪਣੇ ਅਖ਼ਤਿਆਰੀ ਕੋਟੇ ਵਿਚੋਂ ਸੁਲਤਾਨਪੁਰ ਲੋਧੀ ਸ਼ਹਿਰ ਲਈ ਸਵੀਪਿੰਗ ਮਸ਼ੀਨ ਲੈ ਕੇ ਦੇਣ ਦਾ ਐਲਾਨ ਕੀਤਾ।

ਵਿਧਾਇਕ ਨਵਤੇਜ ਸਿੰਘ ਚੀਮਾ ਨੇ ਅਪਣੇ ਸੰਬੋਧਨ ਦੌਰਾਨ ਕਿਹਾ ਕਿ ਪੂਰੇ ਹਲਕੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਵਲੋਂ ਕੇਵਲ 40 ਦਿਨਾਂ ਵਿੱਚ ਹੀ ਆਈ.ਸੀ.ਯੂ.,ਟਰੋਮਾ ਸੈਂਟਰ ਅਤੇ ਐਮਰਜੈਂਸੀ ਵਾਰਡ ਸਥਾਪਿਤ ਕੀਤੇ ਹਨ। ਉਨਾਂ ਵਿਸ਼ੇਸ਼ ਤੌਰ ‘ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ ਜਿਨਾਂ ਵਲੋਂ ਸੁਲਤਾਨ-ਪੁਰ ਲੋਧੀ ਵਿਖੇ ਪਹਿਲੀ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਸਿਵਲ ਹਸਪਤਾਲ ਦੇ ਨਵੀਨੀਕਰਨ ਦਾ ਐਲਾਨ ਕੀਤਾ ਸੀ।

ਇਸ ਮੌਕੇ ਐਸ.ਡੀ.ਐਮ.ਡਾ.ਚਾਰੂਮਿਤਾ, ਸਿਵਲ ਸਰਜਨ ਡਾ.ਜਸਮੀਤ ਕੌਰ, ਪ੍ਰਧਾਨ ਨਗਰ ਕੌਂਸਲ ਅਸ਼ੋਕ ਮੋਗਲਾ ਤੇ ਐਸ.ਐਮ.ਓ.ਡਾ. ਅਨਿਲ ਮਨਚੰਦਾ ਹਾਜ਼ਰ ਸਨ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
**647-739-4641**
**346-714-0224**

# ਲੋਕਾਂ ਨੂੰ ਰੋਜ਼ਗਾਰ ਚਾਹੀਦੈ, ਲੋਕ ਲੁਭਾਊ ਵਾਅਦੇ ਜਾਂ ਸਬਸਿਡੀਆਂ ਨਹੀਂ

-ਸ਼ੰਗਾਰਾ ਸਿੰਘ ਭੁੱਲਰ-

ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਕੁਝ ਸਮਾਂ ਪਹਿਲਾਂ ਮੈਟਰੋ ਰੇਲ ਗੱਡੀ ਵਿਚ ਔਰਤਾਂ ਨੂੰ ਛੇ ਮਹੀਨੇ ਤੱਕ ਮੁਫਤ ਸਫਰ ਦੀ ਸਹੂਲਤ ਦੇਣ ਦਾ ਫੈਸਲਾ ਕੀਤਾ। ਫਿਰ ਜਦੋਂ ਅਗਲੇ ਦਿਨਾਂ ਵਿਚ ਜਗਤ ਗੁਰੂ ਬਾਬੇ ਨਾਨਕ ਦੀ ਕਰਮ ਭੋਇੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੁੱਲ੍ਹ ਰਿਹਾ ਹੈ ਤਾਂ ਭਾਰਤੀ ਸ਼ਰਧਾਲੂਆਂ ਕੋਲੋਂ ਲਈ ਜਾਣ ਵਾਲੀ 20 ਡਾਲਰ ਫੀਸ ਵੀ ਆਪਣੀ ਸਰਕਾਰ ਵੱਲੋਂ ਦੇਣ ਦਾ ਫੈਸਲਾ ਕਰ ਲਿਆ ਹੈ। ਫੀਸ ਦੀ ਇਹ ਮੁਆਫੀ ਵੀ ਸਿਰਫ ਦਿੱਲੀ ਵਿੱਚੋਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਹੋਵੇਗੀ। ਕੇਜਰੀਵਾਲ ਨੇ ਇਹੋ ਜਿਹੇ ਕਈ ਹੋਰ ਫੈਸਲੇ ਵੀ ਲਏ ਹਨ। ਆਮ ਬੰਦਾ ਸੋਚਦਾ ਹੈ ਕਿ ਉਸ ਦੀ ਸਰਕਾਰ ਕੋਲ ਕਿਹੜਾ ਕਾਰੂੰ ਦਾ ਖਜ਼ਾਨਾ ਦੱਬਿਆ ਹੈ ਕਿ ਉਹ ਪੁੱਟ-ਪੁੱਟ ਕੇ ਲੋਕਾਂ ਨੂੰ ਇਹੋ ਜਿਹੀਆਂ ਸਹੂਲਤਾਂ ਦੇਈ ਜਾਂਦਾ ਹੈ?

ਜਵਾਬ ਬਹੁਤ ਸਿੱਧਾ ਹੈ। ਉਹ ਇਹ ਕਿ ਇਹੋ ਜਿਹੇ ਲੋਕ-ਲੁਭਾਊ ਵਾਅਦੇ ਕਰ ਕੇ ਨੇੜ ਭਵਿੱਖ ਵਿੱਚ ਉਹ ਦਿੱਲੀ ਵਿਧਾਨ ਸਭਾ ਦੀਆਂ ਹੋ ਰਹੀਆਂ ਚੋਣਾਂ ਲਈ ਆਪਣਾ ਵੋਟ ਬੈਂਕ ਪੱਕਾ ਕਰ ਰਿਹਾ ਹੈ। ਕੇਜਰੀਵਾਲ ਤੋਂ ਪੁੱਛਿਆ ਜਾ ਸਕਦਾ ਹੈ ਕਿ ਜੇ ਉਹ ਔਰਤਾਂ ਪ੍ਰਤੀ ਇੰਨਾ ਹੀ ਸ਼ਰਧਾਵਾਨ ਹੈ ਤਾਂ ਫਿਰ ਇਹ ਸਹੂਲਤ ਸਿਰਫ ਛੇ ਮਹੀਨਿਆਂ ਲਈ ਕਿਉਂ?

ਦੂਜਾ, ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਦੁਨੀਆ ਦੇ ਜਿਸ ਕੋਨੇ ਤੋਂ ਵੀ ਸ਼ਰਧਾਲੂ ਆਉਣਾ ਹੈ, ਉਸ ਨੂੰ 20 ਡਾਲਰ ਫੀਸ ਦੇਣੀ ਪਵੇਗੀ। ਜੇ ਕਰਤਾਰਪੁਰ ਸਾਹਿਬ ਦੀ ਐਨ ਸਰਹੱਦ 'ਤੇ ਵਸੇ ਪੰਜਾਬ ਜਾਂ ਹਰਿਆਣਾ ਜਾਂ ਕਿਸੇ ਹੋਰ ਸੂਬੇ ਵੱਲੋਂ ਇਹ ਫੀਸ ਆਪਣੇ ਵੱਲੋਂ ਨਹੀਂ ਦਿੱਤੀ ਜਾ ਰਹੀ ਤਾਂ ਉਸ ਦੇ ਇੰਨਾ ਦਿਆਲੂ ਹੋਣ ਦਾ ਕਾਰਨ ਕੀ ਹੈ?

ਕੇਜਰੀਵਾਲ ਦੀ ਆਮ ਆਦਮੀ ਪਾਰਟੀ ਪ੍ਰਸਿੱਧ ਸਮਾਜ ਸੇਵੀ ਅੰਨਾ ਹਜ਼ਾਰੇ ਵੱਲੋਂ ਦੇਸ਼ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਰੰਭੇ ਗਏ ਜ਼ੋਰਦਾਰ ਸਮਾਜਕ ਅੰਦੋਲਨ ਵਿੱਚੋਂ ਜਨਮੀ ਸੀ। ਸੰਕਲਪ ਇਸ ਦਾ ਇਹ ਸੀ ਕਿ ਇਹ ਦੂਸਰੀਆਂ ਸਿਆਸੀ ਪਾਰਟੀਆਂ ਤੋਂ ਕਿਰਦਾਰ ਪੱਖੋਂ ਬਹੁਤ ਵੱਖਰੀ ਹੋਵੇਗੀ। ਦੇਖਣ ਵਿੱਚ ਆਇਆ ਕਿ ਦਾਅਵੇ ਭਾਵੇਂ ਕੋਈ ਜਿੰਨੇ ਮਰਜ਼ੀ ਕਰੇ, ਪਰ ਗੱਦੀ 'ਤੇ ਬੈਠਦਿਆਂ ਹੀ ਉਹ ਉਹੀਓ ਹੱਥਕੰਡੇ ਅਪਣਾਉਣ ਲੱਗ ਜਾਂਦਾ ਹੈ, ਜਿਹੜੇ ਅੱਜ ਤੱਕ ਦੇਸ਼ ਦੀਆਂ ਛੋਟੀਆਂ-ਵੱਡੀਆਂ ਪਾਰਟੀਆਂ ਅਪਣਾਉਂਦੀਆਂ ਆਈਆਂ ਹਨ।

ਬਿਨਾਂ ਸ਼ੱਕ ਉਸ ਨੇ 2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਇਤਿਹਾਸ ਸਿਰਜ ਦਿੱਤਾ ਸੀ, ਪਰ ਪੰਜਾਬ ਤੋਂ ਬਿਨਾਂ ਇਸ ਇਤਿਹਾਸ ਦਾ ਵਰਕਾ ਦਿੱਲੀ ਦੀਆਂ ਹੱਦਾਂ ਨਹੀਂ ਟੱਪ ਸਕਿਆ। ਅੱਜ ਤੱਕ ਵੀ ਉਸ ਦੇ ਲੋਕ ਸਭਾ ਮੈਂਬਰ ਅਤੇ ਵਿਧਾਇਕ ਸਿਰਫ ਪੰਜਾਬ ਅਤੇ ਦਿੱਲੀ ਤੋਂ ਹੀ ਹਨ। ਵੈਸੇ ਕੇਜਰੀਵਾਲ ਨੇ ਆਪਣੀਆਂ ਗਲਤ ਨੀਤੀਆਂ ਨਾਲ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਬਣਦੀ-ਬਣਦੀ ਸਰਕਾਰ ਨੂੰ ਬਰੇਕਾਂ ਲੁਆ ਲਈਆਂ ਸਨ। ਉਸ ਦਾ ਦਾਅਵਾ ਹੈ ਕਿ ਜੋ ਸੁੱਖ-ਸਹੂਲਤਾਂ ਉਹਦੀ ਸਰਕਾਰ ਨੇ ਦਿੱਲੀ ਵਾਸੀਆਂ ਨੂੰ ਦਿੱਤੀਆਂ, ਇਹ ਕਿਸੇ ਹੋਰ ਸਰਕਾਰ ਨੇ ਨਹੀਂ ਦਿੱਤੀਆਂ।

ਸਾਫ ਹੈ ਕਿ ਸਰਕਾਰੀ ਖਜ਼ਾਨੇ ਵਿੱਚੋਂ ਦਿੱਤੀਆਂ ਇਨ੍ਹਾਂ ਸਹੂਲਤਾਂ ਦੇ ਸਿਰ 'ਤੇ ਹੀ ਉਹ ਗੱਦੀਧਾਰੀ ਬਣਿਆ ਰਹਿਣਾ ਲੋਚਦਾ ਹੈ। ਇਹ ਸਰਕਾਰੀ ਖਜ਼ਾਨਾ ਲੋਕਾਂ ਵੱਲੋਂ ਦਿੱਤੇ ਜਾਂਦੇ ਟੈਕਸਾਂ ਨਾਲ ਭਰਿਆ ਜਾਂਦਾ ਹੈ, ਇਹ ਕੋਈ ਉਪਰੋਂ ਮੀਂਹ ਰਾਹੀਂ ਨਹੀਂ ਆਉਂਦਾ। ਇਸ ਦਾ ਸਾਫ ਮਤਲਬ ਹੈ ਕਿ ਸਾਡੇ ਹੁਕਮਰਾਨ ਲੋਕਾਂ ਵੱਲੋਂ ਦਿੱਤੇ ਜਾਂਦੇ ਟੈਕਸਾਂ ਨੂੰ ਸਬਸਿਡੀਆਂ ਸਹੂਲਤਾਂ ਦਾ ਨਾਂਅ ਦੇ ਕੇ ਆਪਣੀ ਹਕੂਮਤ ਤੋਰਦੇ ਰਹਿਣਾ ਚਾਹੁੰਦੇ ਹਨ। ਇਹ ਇਕੱਲਾ ਕੇਜਰੀਵਾਲ ਹੀ ਕਿਉਂ, ਕੇਂਦਰ ਤੋਂ ਲੈ ਕੇ ਰਾਜਾਂ ਤੱਕ ਦੀ ਸਥਿਤੀ ਖੁਦ-ਬ-ਖੁਦ ਸਾਫ ਹੋ ਜਾਵੇਗੀ। ਕਦੇ 'ਸੋਨੇ ਦੀ ਚਿੜੀ' ਕਹੇ ਜਾਂਦੇ ਇਸ ਦੇਸ਼ ਨੂੰ ਪਹਿਲਾਂ ਮੁਗਲਾਂ, ਫਿਰ ਅੰਗਰੇਜ਼ਾਂ ਅਤੇ ਪਿਛਲੇ ਸੱਤਰ-ਬਹੱਤਰ ਵਰ੍ਹਿਆਂ ਵਿੱਚ ਸਾਡੇ



ਆਪਣੇ ਹੁਕਮਰਾਨਾਂ ਨੇ ਸਬਸਿਡੀਆਂ ਦੇ ਨਾਂਅ 'ਤੇ ਕੰਗਾਲ ਕਰ ਛੱਡਿਆ ਹੈ। ਸਣੇ ਕੇਂਦਰ ਸੂਬੇ ਵੀ ਆਏ ਦਿਨ ਕਰਜ਼ਾਈ ਹੋ ਰਹੇ ਹਨ ਅਤੇ ਸਬਸਿਡੀਆਂ ਲੈਣ ਵਾਲਿਆਂ ਨੂੰ ਇਨ੍ਹਾਂ ਨੇ ਰਲ-ਮਿਲ ਕੇ ਘਸਿਆਰੇ ਬਣਾ ਦਿੱਤਾ ਹੈ।

ਇਹ ਉਹ ਦੇਸ਼ ਸੀ, ਜਿਹੜਾ ਸਿਰੇ ਦਾ ਮਿਹਨਤੀ ਤੇ ਖੜਗਭੁਜਾ ਕਹਾਉਂਦਾ ਸੀ, ਪਰ ਅੱਜ ਉਨ੍ਹਾਂ ਮਿਹਨਤੀ ਹੱਥਾਂ ਨੂੰ ਕੰਮ ਨਹੀਂ ਮਿਲ ਰਿਹਾ। ਮੂੰਹਾਂ ਨੂੰ ਜੋ ਰੋਟੀ ਦਿੱਤੀ ਜਾਂਦੀ ਹੈ, ਉਹੀ ਇਨ੍ਹਾਂ ਸਬਸਿਡੀਆਂ ਦੇ ਖਾਤੇ ਵਿੱਚੋਂ ਜਾਂਦੀ ਹੈ। ਕਿਉਂ ਨਹੀਂ ਹਰ ਹੱਥ ਨੂੰ ਕੰਮ ਦਿੱਤਾ ਜਾਂਦਾ? ਹਰ ਹੱਥ ਨੂੰ ਕੰਮ ਦਿਓ, ਜਿਊਣ ਦੀਆਂ ਮੁਢਲੀਆਂ ਸਹੂਲਤਾਂ ਦਿਓ, ਲੋਕਾਂ ਕੋਲੋਂ ਬਕਾਇਆ ਟੈਕਸ ਲਓ। ਇਨ੍ਹਾਂ ਟੈਕਸਾਂ ਨੂੰ ਦੇਸ਼ ਸਮਾਜ ਦੇ ਵਿਕਾਸ ਜਿਵੇਂ ਸਿਖਿਆ, ਸਿਹਤ 'ਤੇ ਖਰਚੋ। ਹੁਕਮਰਾਨਾਂ ਲਈ ਅੱਜ ਦੇ ਦਿਨ ਇਹੀਓ ਸੱਚੀ ਸੇਵਾ ਹੋਵੇਗੀ, ਪਰ ਦੇਸ਼ ਸੇਵਾ ਜਾਂ ਲੋਕ-ਸੇਵਾ ਦੇ ਜਜ਼ਬੇ ਵਾਲੀਆਂ ਗੱਲਾਂ ਅੱਜ ਬਹੁਤ ਦੂਰ ਰਹਿ ਗਈਆਂ ਹਨ।

ਇਸ ਵਿੱਚ ਦੋ ਰਾਵਾਂ ਨਹੀਂ ਕਿ ਇਹ ਲੋਕਰਾਜੀ ਮੁਲਕ ਹੈ, ਜਿੱਥੇ ਸਾਡੇ ਹੁਕਮਰਾਨ ਜਿੱਥੋਂ ਵੋਟਾਂ ਰਾਹੀਂ ਚੁਣੇ ਜਾਂਦੇ ਹਨ। ਬੜੀ ਚੰਗੀ ਪ੍ਰਣਾਲੀ ਹੈ, ਜਿਸ ਨੂੰ 'ਲੋਕਾਂ ਦੀ, ਲੋਕਾਂ ਵੱਲੋਂ ਅਤੇ ਲੋਕਾਂ ਲਈ' ਚੁਣੀ ਸਰਕਾਰ ਦਾ ਨਾਂਅ ਦਿੱਤਾ ਗਿਆ ਹੈ। ਦੂਜੇ ਸ਼ਬਦਾਂ ਵਿੱਚ ਇਸ ਨੂੰ 'ਕਲਿਆਣਕਾਰੀ ਸਟੇਟ' ਕਿਹਾ ਜਾਂਦਾ ਹੈ, ਜਿਸ ਵਿੱਚ ਲੋਕਾਂ ਨੂੰ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਆਸਾਨੀ ਨਾਲ ਉਨ੍ਹਾਂ ਦੇ ਦਰਵਾਜ਼ੇ 'ਤੇ ਮਿਲਣ। ਦੇਸ਼ ਦੀ ਜੰਗੇ ਆਜ਼ਾਦੀ ਦੀ ਲੜਾਈ ਲੜਨ ਵਾਲਿਆਂ ਦਾ ਵੀ ਇਹੋ ਸੁਫਨਾ ਅਤੇ ਸੰਕਲਪ ਸੀ। ਸੋਚਣ ਵਾਲੀ ਗੱਲ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ ਕੀ ਇਹ ਸਭ ਸੰਭਵ ਨਹੀਂ ਹੋ ਸਕਿਆ ਤਾਂ ਕਿਉਂ? ਕਿੱਥੇ ਜਮਹੂਰੀਅਤ ਦੇ ਇਸ ਸੰਕਲਪ ਵਿੱਚ ਕੋਈ ਕਮੀ ਰਹਿ ਗਈ? ਇਹ ਲੋਕਾਂ ਵੱਲੋਂ ਹੈ ਜਾਂ ਫਿਰ ਹੁਕਮਰਾਨਾਂ ਵੱਲੋਂ?

ਇਸ ਦਾ ਜਵਾਬ ਸਿਰਫ ਇਸ ਇੱਕ ਲਾਈਨ ਤੋਂ ਮਿਲ ਜਾਵੇਗਾ ਕਿ ਦੇਸ਼ ਵਿੱਚ ਪਿਛਲੇ ਸੱਤ ਦਹਾਕਿਆਂ ਵਿੱਚ ਅਮੀਰ ਅਤੇ ਗਰੀਬ ਵਿਚਾਲੇ ਨਾ ਸਿਰਫ ਬਹੁਤ ਸਾਰਾ ਪਾੜਾ ਵਧ ਗਿਆ ਹੈ, ਸਗੋਂ ਹੋਰ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਇਹ ਅਮੀਰ ਕੌਣ ਹਨ ਤੇ ਕਿੰਨੇ ਕੁ ਹਨ? ਜੇ ਦੇਸ਼ ਦੀ ਸਨਅਤ ਦਾ ਪਹੀਆ ਚਲਾਉਣ ਵਾਲੇ ਸਨਅਤਕਾਰਾਂ ਨੂੰ ਇੱਕ ਪਾਸੇ ਕਰ ਦੇਈਏ ਤਾਂ ਬਾਕੀ ਉਹ ਕੌਣ ਹਨ ਤੇ ਅਮੀਰ ਕਿਵੇਂ ਹੋਏ? ਇਨ੍ਹਾਂ ਵਿੱਚ ਇੱਕ ਖਾਸ ਸ਼੍ਰੇਣੀ ਛੋਟੇ-ਵੱਡੇ ਸਿਆਸਤਦਾਨਾਂ ਦੀ ਹੈ। ਇਨ੍ਹਾਂ ਨੇ ਸਿਆਸਤ ਨੂੰ ਕਮਾਈ ਤੇ ਭ੍ਰਿਸ਼ਟਾਚਾਰ ਦਾ ਜ਼ਰੀਆ ਬਣਾ ਧਰਿਆ ਹੈ। ਪਿੰਡ ਦੇ ਸਰਪੰਚ ਤੋਂ ਲੈ ਕੇ ਮੁੱਖ ਮੰਤਰੀ, ਪ੍ਰਧਾਨ ਮੰਤਰੀ, ਮੰਤਰੀਆਂ, ਵਿਧਾਇਕਾਂ ਅਤੇ ਐੱਮ ਪੀਜ਼ ਦੀਆਂ ਜਾਇਦਾਦਾਂ ਦਾ ਜਾਇਜ਼ਾ ਲਓ ਤਾਂ ਬੰਦਾ ਮੂੰਹ ਵਿੱਚ ਉਂਗਲਾਂ ਪਾਉਣ ਨੂੰ ਮਜਬੂਰ ਹੋ ਜਾਂਦਾ ਹੈ। ਲੋਕ ਹਿੱਤਾਂ ਦੀ ਥਾਂ ਸਵੈ ਹਿੱਤ ਮੂਹਰੇ ਹੋ ਰਹੇ ਹਨ ਅਤੇ ਕਲਿਆਣਕਾਰੀ ਰਾਜ ਵਿੱਚ ਜਿਨ੍ਹਾਂ ਲੋਕਾਂ ਦੀ ਸਰਕਾਰ ਦੀ ਗੱਲ ਆਖੀ ਗਈ ਹੈ, ਉਹ ਅੱਜ ਕਿਤੇ ਖੜ੍ਹਦੇ ਹੀ ਨਹੀਂ। ਇੱਕ ਵਾਰੀ ਵਿਧਾਇਕ ਜਾਂ ਐੱਮ ਪੀ ਬਣ ਜਾਓ, ਬੱਸ ਪੈਨਸ਼ਨ ਪੱਕੀ, ਬਾਕੀ ਤਨਖਾਹ, ਸੁੱਖ ਸਹੂਲਤਾਂ ਵੱਖਰੀਆਂ। ਇਹੋ ਨਹੀਂ ਜਿੰਨੀ ਵਾਰ ਵਿਧਾਨ ਸਭਾ ਜਾਂ ਲੋਕ ਸਭਾ ਲਈ ਚੁਣੇ ਜਾਂਦੇ ਰਹੋਗੇ, ਓਨੀ ਵਾਰ ਦੀ ਵੱਖਰੀ ਪੈਨਸ਼ਨ ਮਿਸਾਲ ਵਜੋਂ ਜੇ ਪੰਜ ਵਾਰੀ ਵਿਧਾਇਕ, ਐਮ ਪੀ ਚੁਣੇ ਗਏ ਤਾਂ ਪੰਜ ਪੈਨਸ਼ਨਾਂ ਪੱਕੀਆਂ।

ਦੂਜੇ ਪਾਸੇ ਆਈ ਏ ਐੱਸ, ਆਈ ਪੀ ਐੱਸ ਪੈਂਤੀ-ਚਾਲੀ ਸਾਲ ਦੀ ਨੌਕਰੀ ਉਪਰੰਤ ਸਿਰਫ ਇੱਕੋ ਪੈਨਸ਼ਨ ਦਾ ਹੱਕਦਾਰ ਹੁੰਦਾ ਹੈ। ਦੇਸ਼ ਦੀ ਅੱਧੀ ਤੋਂ ਵੱਧ ਵਸੋਂ ਭੁੱਖ ਨੰਗ, ਗੁਰਬਤ, ਮਹਿੰਗਾਈ, ਬੇਰੋਜ਼ਗਾਰੀ, ਸਿਹਤ ਸਿਖਿਆ ਅਤੇ ਬਿਜਲੀ-ਪਾਣੀ ਵਰਗੀਆਂ ਸਹੂਲਤਾਂ ਨਾਲ ਘੁਲ ਰਹੀ ਹੈ। ਅਸਲ ਵਿੱਚ ਲੋਕਰਾਜੀ ਪ੍ਰਣਾਲੀ ਰਾਹੀਂ ਅਨਪੜ੍ਹ ਨਾਲਾਇਕ, ਭ੍ਰਿਸ਼ਟ ਅਤੇ ਅਪਰਾਧੀ ਬਿਰਤੀ ਵਾਲੇ ਲੋਕ ਚੁਣੇ ਜਾਣ 'ਤੇ ਸਾਡੇ ਹੁਕਮਰਾਨ ਬਣ ਬੈਠਦੇ ਹਨ। ਫਿਰ ਇਨ੍ਹਾਂ ਕੋਲੋਂ ਲੋਕ ਭਲੇ ਦੀ ਆਸ ਕਿਵੇਂ ਰੱਖੀਏ? ਉਪਰੋਕਤ ਤੋਂ ਸੰਕੇਤ ਸਿੱਧਾ ਇਹ ਹੈ ਕਿ ਦੇਸ਼ ਦੇ ਸਮੇਂ-ਸਮੇਂ ਦੇ ਹੁਕਮਰਾਨਾਂ ਨੇ ਸੱਤਾਧਾਰੀ ਬਣੇ ਰਹਿਣ ਲਈ ਸਬਸਿਡੀਆਂ ਦੇ ਨਾਂਅ 'ਤੇ ਲੋਕਾਂ ਨੂੰ ਸਬਜ਼ਬਾਗ ਵਿਖਾਏ ਹਨ। ਬਹੁਤੀਆਂ ਸਬਸਿਡੀਆਂ ਰੱਜੇ-ਪੁੱਜੇ ਲੋਕ ਲੈ ਰਹੇ ਹਨ। ਜਿਨ੍ਹਾਂ ਨੂੰ ਬਹੁਤੀ ਲੋੜ ਹੈ, ਉਨ੍ਹਾਂ ਨੂੰ ਮਿਲਦੀਆਂ ਹੀ ਨਹੀਂ। ਹਾਂ, ਉਨ੍ਹਾਂ ਦਾ ਨਾਂਅ ਜ਼ਰੂਰ ਵਰਤਿਆ ਜਾ ਰਿਹਾ ਹੈ। ਮਿਸਾਲ ਵਜੋਂ ਪੰਜਾਬ ਦੇ ਕਈ ਮੰਤਰੀ, ਵਿਧਾਇਕ ਅਤੇ ਐੱਮ ਪੀ ਬਿਜਲੀ ਸਬਸਿਡੀ ਲੈ ਰਹੇ ਹਨ, ਜਦ ਕਿ ਕਿਸਾਨਾਂ ਨੂੰ ਝੋਨੇ ਦੀ ਫਸਲ ਲਈ ਅੱਠ ਘੰਟੇ ਲਗਾਤਾਰ ਬਿਜਲੀ ਵੀ ਨਹੀਂ ਦਿੱਤੀ ਜਾਂਦੀ।

ਪੰਜਾਬ ਦੇ ਲੋਕ ਬੜੇ ਮਿਹਨਤੀ ਹਨ। ਇਨ੍ਹਾਂ ਨੂੰ ਸਬਸਿਡੀਆਂ ਦੀ ਥਾਂ ਰੋਜ਼ਗਾਰ ਦਿਓ, ਖੇਤੀ, ਸਿਖਿਆ ਤੇ ਸਿਹਤ ਸੰਬੰਧੀ ਠੋਸ ਤੇ ਅਮਲ ਯੋਗ ਨੀਤੀਆਂ ਬਣਾਓ। ਸਿਆਸਤਦਾਨਾਂ ਦੀਆਂ ਸੁੱਖ ਸਹੂਲਤਾਂ ਥੋੜ੍ਹੀਆਂ ਘਟਾਓ। ਸਰਕਾਰੀ ਖਜ਼ਾਨਾ ਲੋਕਾਂ ਦੇ ਵਿਕਾਸ/ ਭਲੇ ਲਈ ਹੁੰਦਾ ਹੈ, ਨਾ ਕਿ ਖੁਦ ਹਾਕਮਾਂ ਲਈ। ਸਬਸਿਡੀਆਂ ਨੂੰ ਵੋਟ ਬੈਂਕ ਨਾ ਬਣਾਓ। ਇਸ ਰੁਝਾਨ ਨੇ ਦੇਸ਼ ਨੂੰ ਅੱਜ ਆਰਥਿਕ ਮੰਦੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ।

ਜੇ ਅੱਜ ਵੀ ਨਾ ਸੰਭਲੇ ਤਾਂ ਫਿਰ ਵੇਲਾ ਹੱਥ ਨਹੀਂ ਆਉਣਾ। ਗੇਂਦ ਹੁਕਮਰਾਨਾਂ ਦੇ ਵਿਹੜੇ 'ਚ ਹੈ। ਇਹ ਫੈਸਲਾ ਉਨ੍ਹਾਂ ਨੇ ਹੀ ਕਰਨਾ ਹੈ ਕਿ ਸਾਨੂੰ ਤਰੱਕੀ ਚਾਹੀਦੀ ਹੈ ਜਾਂ ਤਬਾਹੀ?

# ਕੀ ਅਸੀਂ ਫੂਹੜ ਜਾਂ ਕੁਚੱਜੇ ਲੋਕ ਹਾਂ

-ਕਰਣ ਥਾਪਰ-

ਮੈਂ ਜਾਣਦਾ ਹਾਂ ਕਿ ਇਹ ਸਵਾਲ ਉਕਸਾਉਣ ਵਾਲਾ ਹੈ, ਪਰ ਮੇਰਾ ਮੰਨਣਾ ਹੈ ਕਿ ਇਹ ਇੱਕ ਅਜਿਹਾ ਸਵਾਲ ਹੈ, ਜੋ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਅਸੀਂ ਫੂਹੜ ਜਾਂ ਕੁਚੱਜੇ ਲੋਕ ਹਾਂ? ਕੀ ਸਾਨੂੰ ਕੋਈ ਅੰਦਾਜ਼ਾ ਨਹੀਂ ਕਿ ਕੀ ਬੋਲਣਾ ਚਾਹੀਦਾ ਹੈ, ਕਿਸ ਗੱਲ ਨੂੰ ਦਬਾਇਆ ਜਾਣਾ ਚਾਹੀਦਾ ਹੈ ਅਤੇ ਕਦੇ ਜ਼ਾਹਿਰ ਨਹੀਂ ਕੀਤਾ ਜਾਣਾ ਚਾਹੀਦਾ? ਇਸ ਮੂਰਖਤਾ ਭਰੀ ਮਾਨਤਾ ਦੇ ਤਹਿਤ ਕਿ ਅਸੀਂ ਜੋ ਚਾਹੁੰਦੇ ਹਾਂ, ਸਾਨੂੰ ਉਹ ਕਹਿਣ ਦਾ ਹੱਕ ਹੈ, ਅਸੀਂ ਆਮ ਤੌਰ 'ਤੇ ਆਪਣੇ ਮੂੰਹ 'ਚੋਂ ਮੂਰਖਤਾ ਭਰੀਆਂ ਗੱਲਾਂ ਵੀ ਕਹਿ ਦਿੰਦੇ ਹਾਂ।

ਤੁਸੀਂ ਮੰਨੋ ਜਾਂ ਨਾ ਮੰਨੋ, ਭਾਜਪਾ ਦੇ ਦੋ ਸੀਨੀਅਰ ਆਗੂਆਂ ਨੇ ਅਭਿਜੀਤ ਬੈਨਰਜੀ ਦੇ ਭਾਰਤ ਆਉਣ 'ਤੇ ਇੰਝ ਹੀ ਸਵਾਗਤ ਕੀਤਾ ਹੈ। ਅਰਥ ਸ਼ਾਸਤਰ ਲਈ ਨੋਬਲ ਪੁਰਸਕਾਰ ਜਿੱਤਣ ਤੋਂ ਕੁਝ ਦਿਨਾਂ ਬਾਅਦ ਅਭਿਜੀਤ ਬੈਨਰਜੀ ਭਾਰਤ ਆਏ ਸਨ, ਪਰ ਭਾਜਪਾ ਦੇ ਪ੍ਰਮੁੱਖ ਮੰਤਰੀ ਅਤੇ ਸੀਨੀਅਰ ਅਧਿਕਾਰੀ ਨਾ ਸਿਰਫ ਇਸ ਬਾਰੇ ਪ੍ਰਭਾਵਹੀਣ ਸਨ, ਸਗੋਂ ਆਲੋਚਨਾਤਮਕ ਅਤੇ ਆਮ ਤੌਰ 'ਤੇ ਮੇਰੀ ਰਾਏ ਮੁਤਾਬਕ ਬਹੁਤ ਰੁੱਖੇ ਸਨ।

ਕੀ ਮੈਂ ਵਧਾ-ਚੜ੍ਹਾ ਕੇ ਗੱਲ ਕਹਿ ਰਿਹਾ ਹਾਂ? ਤੁਸੀਂ ਖੁਦ ਫੈਸਲਾ ਕਰੋ। ਪ੍ਰੈੱਸ ਕਾਨਫਰੰਸ 'ਚ ਵਪਾਰ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨਾ ਸਿਰਫ ਅਣਦੇਖੀ ਵਾਲਾ ਰਵੱਈਆ ਅਪਣਾ ਰਹੇ ਸਨ, ਸਗੋਂ ਅਭਿਜੀਤ ਬੈਨਰਜੀ ਦੇ ਕਾਂਗਰਸ ਦੀ 'ਨਿਆਏ' ਯੋਜਨਾ ਨਾਲ ਸੰਬੰਧ ਬਾਰੇ ਉਹ ਆਲੋਚਨਾਤਮਕ ਸਨ। ਜੇ ਤੁਸੀਂ ਭੁੱਲ ਗਏ ਹੋਵੋ ਤਾਂ ਇਹ ਯੋਜਨਾ ਭਾਰਤ ਦੀ ਆਬਾਦੀ ਦੇ ਸਭ ਤੋਂ ਗਰੀਬ 20 ਫੀਸਦੀ ਲੋਕਾਂ ਨੂੰ ਹਰ ਮਹੀਨੇ 6000 ਰੁਪਏ ਦੇਣ ਬਾਰੇ ਸੀ। ਗੋਇਲ ਨੇ ਸ਼ੁਰੂਆਤ ਕਰਦਿਆਂ ਕਿਹਾ ਕਿ ''ਅਭਿਜੀਤ ਬੈਨਰਜੀ ਨੇ ਨੋਬਲ ਪੁਰਸਕਾਰ ਜਿੱਤਿਆ ਹੈ। ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ, ਪਰ ਤੁਸੀਂ ਸਭ ਜਾਣਦੇ ਹੋ ਕਿ ਉਨ੍ਹਾਂ ਦੀ ਸੋਚ ਕੀ ਹੈ? ਉਨ੍ਹਾਂ ਦੀ ਸੋਚ ਪੂਰੀ ਤਰ੍ਹਾਂ ਖੱਬੇ ਪੱਖੀ ਹੈ। ਉਨ੍ਹਾਂ ਨੇ ਬਹੁਤ ਅਸਰਦਾਰ ਢੰਗ ਨਾਲ 'ਨਿਆਏ' ਯੋਜਨਾ ਦੀ ਤਾਰੀਫ ਕੀਤੀ ਸੀ, ਪਰ ਭਾਰਤ ਦੇ ਲੋਕਾਂ ਨੇ ਉਨ੍ਹਾਂ ਦੀ ਸੋਚ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ।''

ਇਸ ਤੱਥ ਤੋਂ ਇਲਾਵਾ, ਜੋ ਸਹੀ ਵੀ ਨਹੀਂ ਹੋ ਸਕਦਾ, ਘੱਟੋ-ਘੱਟ ਇਸ ਕਾਰਨ ਕਰ ਕੇ ਇਹ ਦਲੀਲ ਕਿ ਪ੍ਰਧਾਨ ਮੰਤਰੀ ਕਿਸਾਨ ਯੋਜਨਾ 'ਨਿਆਏ' ਤੋਂ ਵੱਖਰੀ ਨਹੀਂ ਹੈ, ਇਹ ਕਹਿਣਾ ਵੀ ਇੱਕ ਮੂਰਖਤਾ ਭਰੀ ਗੱਲ ਹੈ। ਭਾਰਤ ਦੇ ਲੋਕਾਂ ਨੇ ਬੈਨਰਜੀ ਦੀ ਸੋਚ ਦਾ ਸਮਰਥਨ ਕਰਨ ਲਈ ਵੋਟ ਨਹੀਂ ਦਿੱਤੀ। ਅਸਲ ਵਿੱਚ ਜੇ ਉਹ ਉਨ੍ਹਾਂ ਦੀ ਸੋਚ ਤੋਂ ਜਾਣੂ ਹੁੰਦੇ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਸੀ ਕਿ ਉਹ ਇਸ ਨੂੰ ਗਰਮਜੋਸ਼ੀ ਨਾਲ ਅਪਣਾ ਲੈਂਦੇ। ਇਹ ਗੱਲ ਸਿਰਫ ਇੱਕ ਫੂਹੜ ਟਿੱਪਣੀ ਸੀ। ਯਕੀਨੀ ਤੌਰ 'ਤੇ ਇਹ ਇੱਕ ਮੰਤਰੀ ਨੂੰ ਸ਼ੋਭਾ ਨਹੀਂ ਦਿੰਦੀ। ਅਸਲ 'ਚ ਇਹ ਬੈਨਰਜੀ ਦੀ ਬਜਾਏ ਗੋਇਲ ਦੀ ਸ਼ਖਸੀਅਤ ਦਾ ਵੱਧ ਖੁਲਾਸਾ ਕਰਦੀ ਹੈ। ਮੈਂ ਤਾਂ ਇਹ ਕਹਾਂਗਾ ਕਿ ਗੋਇਲ ਨੂੰ ਨੀਚਾ ਦਿਖਾਉਂਦੀ ਹੈ।

ਗੋਇਲ ਦੀ ਮੂਰਖਤਾ ਨੂੰ ਉਨ੍ਹਾਂ ਦੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਰਾਹੁਲ ਸਿਨਹਾ ਵੱਲੋਂ ਕੀਤੀ ਗਈ ਟਿੱਪਣੀ ਨੇ ਤਾੜ ਲਿਆ, ''ਜਿਹੜੇ ਲੋਕਾਂ ਦੀ ਦੂਜੀ ਪਤਨੀ ਵਿਦੇਸ਼ੀ ਹੈ, ਸਿਰਫ ਉਹ ਹੀ ਨੋਬਲ ਹਾਸਲ ਕਰ ਰਹੇ ਹਨ। ਮੈਨੂੰ ਨਹੀਂ ਪਤਾ ਕਿ ਨੋਬਲ ਹਾਸਲ ਕਰਨ ਲਈ ਇਹ ਇੱਕ ਸ਼ਰਤ ਹੈ ਜਾਂ ਨਹੀਂ।''

ਮੈਂ ਇੱਕ ਵੀ ਅਜਿਹੇ ਆਦਮੀ ਨੂੰ ਨਹੀਂ ਮਿਲਿਆ, ਜੋ ਇਹ ਮੰਨਦਾ ਹੋਵੇ ਕਿ ਕਹਿਣ ਲਈ ਇਹ ਇੱਕ ਸਮਝਦਾਰੀ ਵਾਲੀ ਜਾਂ ਨੈਤਿਕ ਤੌਰ 'ਤੇ ਦਲੀਲ ਪੂਰਨ ਗੱਲ ਹੈ। ਇਸ ਨਾਲ ਮੈਨੂੰ ਹਰ ਕਿਸੇ ਵਿੱਚ ਇੱਕ ਹੜਬੜਾਹਟ ਜਿਹੀ ਦਿਖਾਈ ਦਿੱਤੀ। ਜ਼ਿਆਦਾਤਰ ਭਾਜਪਾ ਦੇ ਸਮਰਥਕ ਹਨ ਅਤੇ ਉਹ ਬਾਕੀਆਂ ਵਾਂਗ ਚਾਪਲੂਸ ਸਨ।

ਗੋਇਲ ਨੇ ਚਾਹੇ ਆਪਣੀ ਸਰਕਾਰ ਨੂੰ ਪ੍ਰੇਸ਼ਾਨੀ ਵਿੱਚ ਪਾਇਆ ਹੋਵੇ, ਪਰ ਸਿਨਹਾ ਨੇ ਯਕੀਨੀ ਤੌਰ ਉੱਤੇ ਆਪਣੀ ਪਾਰਟੀ ਲਈ ਸ਼ਰਮਿੰਦਗੀ ਦੀ ਸਥਿਤੀ ਪੈਦਾ ਕਰ ਦਿੱਤੀ। ਮੈਨੂੰ ਜੋ ਚੀਜ਼ ਖਾਸ ਤੌਰ 'ਤੇ ਹੈਰਾਨੀ ਜਨਕ ਲੱਗੀ, ਜੋ ਸਿਆਸੀ ਆਗੂ ਆਮ ਕਰਦੇ ਹਨ, ਉਹ ਇਹ ਦਾਅਵਾ ਕਿ ਉਨ੍ਹਾਂ ਦੀ ਗੱਲ ਨੂੰ ਸਹੀ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ ਜਾਂ ਆਪਣੀ ਗਲਤੀ 'ਤੇ ਪਰਦਾ ਲਈ ਉਹ ਕਿਸੇ ਹੋਰ ਸੰਦਰਭ ਦਾ ਹਵਾਲਾ ਦਿੰਦੇ ਹਨ। ਜੇ ਪ੍ਰਧਾਨ ਮੰਤਰੀ ਦਖਲ ਨਾ ਦਿੰਦੇ ਤਾਂ ਸਥਿਤੀ ਸੱਚਮੁੱਚ ਚਿੰਤਾ ਜਨਕ ਹੁੰਦੀ। ਅਭਿਜੀਤ ਬੈਨਰਜੀ ਦੇ ਦਿੱਲੀ ਵਿੱਚ ਆਖਰੀ ਦਿਨ ਮੋਦੀ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਅਜਿਹਾ ਕਰਨ ਲਈ ਟਵੀਟ ਦੇ ਜ਼ਰੀਏ ਆਪਣੀ ਖੁਸ਼ੀ ਜ਼ਾਹਿਰ ਕੀਤੀ। ਇਸ ਨਾਲ ਬੈਨਰਜੀ ਨੂੰ ਕੁਝ ਰਾਹਤ ਮਿਲੀ ਹੋਵੇਗੀ, ਜਿਨ੍ਹਾਂ ਨੇ ਉਦੋਂ ਤੱਕ ਕਹਿ ਦਿੱਤਾ ਸੀ ਕਿ ਭਾਜਪਾ ਦੀ ਨਿੱਜੀ ਆਲੋਚਨਾ ਪਰੇਸ਼ਾਨ ਕਰਨ ਵਾਲੀ ਹੈ। ਇਸ ਨਾਲ ਗੋਇਲ ਅਤੇ ਸਿਨਹਾ 'ਬਰੀ' ਨਹੀਂ ਹੋ ਜਾਂਦੇ।

ਫਿਰ ਕੀ ਤੁਸੀਂ ਸਮਝ ਸਕਦੇ ਹੋ ਕਿ ਮੈਂ ਉਸ ਢੰਗ ਨਾਲ ਸ਼ੁਰੂਆਤ ਕਿਉਂ ਕੀਤੀ? ਕੀ ਅਸੀਂ ਫੂਹੜ ਜਾਂ ਕੁਚੱਜੇ ਲੋਕ ਹਾਂ, ਜੋ ਇੰਨਾ ਵੀ ਨਹੀਂ ਜਾਣਦੇ ਕਿ ਕੀ ਕਹਿਣਾ ਹੈ ਤੇ ਕਦੋਂ ਅਨਪੜ੍ਹਤਾ ਭਰੇ ਵਿਚਾਰਾਂ ਨੂੰ ਪ੍ਰਗਟਾਏ ਬਿਨਾਂ ਛੱਡ ਦੇਣਾ ਹੈ? ਜਾਂ ਕੀ ਸਾਡੇ 'ਚੋਂ ਬਹੁਤੇ ਲੋਕ ਉਨ੍ਹਾਂ ਗੱਲਾਂ ਤੋਂ ਹੈਰਾਨ ਹਨ, ਜੋ ਮੈਂ ਕਹੀਆਂ ਹਨ? ਸਾਨੂੰ ਇਹ ਸਾਫ ਕਰਨਾ ਚਾਹੀਦਾ ਹੈ ਕਿ ਇਹ ਸਾਡੀਆਂ ਕਦਰਾਂ-ਕੀਮਤਾਂ ਨਹੀਂ ਹਨ ਅਤੇ ਅਜਿਹਾ ਸਲੂਕ ਸਵੀਕਾਰ ਨਹੀਂ ਹੈ।

ਫਿਰ ਵੀ ਹਮੇਸ਼ਾ ਅਜਿਹਾ ਨਹੀਂ ਹੁੰਦਾ। ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ, ਜਦੋਂ ਅਮ੍ਰਿਤਯ ਸੇਨ, ਜੋ ਬੇਹੱਦ ਕੱਟੜ ਆਲੋਚਕਾਂ 'ਚੋਂ ਇੱਕ ਸਨ, ਨੇ 1998 'ਚ ਅਰਥ ਸ਼ਾਸਤਰ ਲਈ ਨੋਬਲ ਪੁਰਸਕਾਰ ਜਿੱਤਿਆ ਸੀ। ਪ੍ਰਧਾਨ ਮੰਤਰੀ ਨੇ ਤੁਰੰਤ ਉਨ੍ਹਾਂ ਨੂੰ 'ਭਾਰਤ ਰਤਨ' ਦਾ ਖਿਤਾਬ ਦਿੱਤਾ ਅਤੇ ਏਅਰ ਇੰਡੀਆ 'ਚ ਫਸਟ ਕਲਾਸ ਵਿੱਚ ਸਫਰ ਕਰਨ ਲਈ ਉਮਰ ਭਰ ਵਾਸਤੇ ਮੁਫਤ ਪਾਸ ਦਿੱਤਾ। ਇਹ ਦੁਖਦਾਈ ਹੈ ਕਿ ਵਾਜਪਾਈ ਦੀ ਸ਼ਲਾਘਾਯੋਗ ਮਿਸਾਲ ਨੂੰ ਉਨ੍ਹਾਂ ਲੋਕਾਂ ਨੇ ਭੁਲਾ ਦਿੱਤਾ ਹੈ, ਜਿਹੜੇ ਖੁਦ ਨੂੰ ਉਨ੍ਹਾਂ ਦੇ ਸਿਆਸੀ ਵਾਰਸ ਸਮਝਦੇ ਹਨ। ਮੈਂ ਹੈਰਾਨ ਹੁੰਦਾ ਹਾਂ ਕਿ ਉਹ ਇਨ੍ਹਾਂ ਦੇ ਰਵੱਈਏ ਨੂੰ ਲੈ ਕੀ ਕੀ ਸੋਚਦੇ ਹੋਣਗੇ?




# ਜ਼ਿੱਦ

-ਹਰਵਿੰਦਰ ਸਿੰਘ ਰੋਡੇ

ਕੁੱਜੇ ਵਿੱਚ ਹਾਥੀ ਪਾਇਆ ਨਹੀਂ ਜਾ ਸਕਦਾ, ਪਰ ਇਸ ਲਈ ਜ਼ਿੱਦ ਕੀਤੀ ਜਾ ਸਕਦੀ ਹੈ। ਜ਼ਿੱਦ ਜੰਗ ਤੋਂ ਵੀ ਵੱਧ ਭੈੜਾ ਵਤੀਰਾ ਹੈ। ਜੰਗ ਬੇਗਾਨਿਆਂ ਨਾਲ ਲੜੀ ਜਾਂਦੀ ਹੈ, ਪਰ ਜ਼ਿੱਦ ਆਪਣਿਆਂ ਨਾਲ ਕੀਤੀ ਜਾਂਦੀ ਹੈ। ਜ਼ਿੱਦ ਵਿੱਚ ਦੋਵੇਂ ਧਿਰਾਂ ਹਾਰਦੀਆਂ ਹਨ, ਜਿੱਤਦਾ ਕੋਈ ਨਹੀਂ। ਜ਼ਿੱਦ ਕਰ ਕੇ ਖਰੀਦੀ ਚੀਜ਼ ਮਹਿਜ਼ ਪੈਸੇ ਹੀ ਬਰਬਾਦ ਕਰਦੀ ਹੈ, ਸਹੂਲਤਾਂ ਨਹੀਂ ਦਿੰਦੀ। ਜ਼ਿੱਦ ਕਰ ਕੇ ਖਰੀਦੀ ਜਾਣ ਵਾਲੀ ਚੀਜ਼ ਵਿੱਚ ਕਾਹਲ ਹੁੰਦੀ ਹੈ ਤੇ ਕਾਹਲ ਵਿੱਚ ਖਰੀਦੀ ਜਾਣ ਵਾਲੀ ਵਸਤੂ ਹੰਢਣਸਾਰ ਨਹੀਂ ਹੋਵੇਗੀ।

ਮਾਪੇ ਬੱਚਿਆਂ ਦੀ ਛੋਟੀ-ਛੋਟੀ ਜ਼ਿੱਦ ਨੂੰ ਸਿੱਧੇ-ਅਸਿੱਧੇ ਰੂਪ ਵਿੱਚ ਪੂਰਾ ਕਰਦੇ ਹਨ। ਬੱਚਿਆਂ ਅਤੇ ਮਾਪਿਆਂ ਦਾ ਇਹੀ ਸੁਭਾਅ ਕਈ ਵਾਰ ਵਿਕਰਾਲ ਰੂਪ ਧਾਰਨ ਕਰ ਜਾਂਦਾ ਹੈ। ਬੱਚਾ ਆਪਣੀ ਕਿਸੇ ਵੀ ਜ਼ਿੱਦ ਨੂੰ ਪੁਗਾਉਣ ਤੋਂ ਬਾਅਦ ਆਪਣੇ ਆਪ ਨੂੰ ਜੇਤੂ ਜਰਨੈਲ ਸਮਝਦਾ ਹੈ। ਇੱਕ ਜ਼ਿੱਦ ਪੂਰੀ ਹੋਣ ਤੋਂ ਬਾਅਦ ਉਸ ਦੇ ਮਨ ਵਿੱਚ ਨਵੀਂ ਜ਼ਿੱਦ ਪੈਦਾ ਹੋ ਜਾਂਦੀ ਹੈ। ਜਿਉਂ-ਜਿਉਂ ਬੱਚੇ ਦੀ ਉਮਰ ਵੱਡੀ ਹੁੰਦੀ ਜਾਂਦੀ ਹੈ, ਤਿਉਂ ਤਿਉਂ ਉਸ ਦੀ ਜ਼ਿੱਦ ਵੱਡੀ ਹੁੰਦੀ ਹੈ। ਛੋਟੇ ਹੁੰਦਿਆਂ ਮੇਲੇ ਵਿੱਚੋਂ ਕਾਰ ਖਰੀਦਣ ਲਈ ਜ਼ਿੱਦ ਕਰਨ ਵਾਲਾ ਮਾਪਿਆਂ ਦਾ ਇਕਲੌਤਾ ਪੁੱਤਰ ਬਾਰਾਂ-ਚੌਦਾਂ ਸਾਲ ਦੀ ਉਮਰ ਵਿੱਚ ਵੱਡਾ ਮੋਬਾਈਲ ਲੈਣ ਦੀ ਜ਼ਿੱਦ ਕਰਦਾ ਹੈ। ਫਿਰ ਜਦੋਂ ਸਤਾਰਵੇਂ-ਅਠਾਰਵੇਂ ਸਾਲ ਵਿੱਚ ਜਾਂਦਾ ਹੈ ਤਾਂ ਮੋਟਰ ਸਾਈਕਲ ਲੈਣ ਦੀ ਜ਼ਿੱਦ ਕਰਦਾ ਹੈ। ਉਸ ਦਾ ਸੁਭਾਅ ਪਹਿਲਾਂ ਤੋਂ ਆਪਣੀ ਜ਼ਿੱਦ ਨੂੰ ਹਰ ਹਾਲਤ ਪੁਗਾਉਣ ਦਾ ਬਣ ਗਿਆ ਹੁੰਦਾ ਹੈ। ਇਸ ਲਈ ਕਈ ਵਾਰੀ ਮਾਪਿਆਂ ਤੋਂ ਮਜ਼ਬੂਰੀਵੱਸ ਕਿਸੇ ਗੱਲ ਨੂੰ ਪੂਰਾ ਨਾ ਕੀਤੇ ਜਾਣ ਦੇ ਖਤਰਨਾਕ ਸਿੱਟੇ ਵੀ ਨਿਕਲਦੇ ਹਨ। ਜਿਨ੍ਹਾਂ ਨੌਜਵਾਨਾਂ ਦੀ ਬਾਲ ਅਵਸਥਾ ਵਿੱਚ ਹਰ ਜ਼ਿੱਦ ਪੁਗਾਈ ਜਾਂਦੀ ਰਹੀ ਹੋਵੇ, ਅਕਸਰ ਹੀ ਜਵਾਨੀ ਵਿੱਚ ਆਪਣੀ ਕੋਈ ਜ਼ਿੱਦ ਪੂਰੀ ਨਾ ਕਰਨ ਦੀ ਸੂਰਤ ਵਿੱਚ ਕੋਈ ਜ਼ਹਿਰੀਲੀ ਦਵਾਈ ਪੀ ਲੈਣ ਜਾਂ ਕਿਸੇ ਹੋਰ ਢੰਗ ਨਾਲ ਜਾਣ-ਬੁੱਝ ਕੇ ਜਾਨੋਂ ਮਰਦੇ ਜਾਂ ਇਉਂ ਕਰਨ ਦੀਆਂ ਧਮਕੀਆਂ ਆਪਣੇ ਮਾਪਿਆਂ ਨੂੰ ਦਿੰਦੇ ਹਨ।

ਜ਼ਿੱਦ ਕਰ ਰਿਹਾ ਮਨੁੱਖ ਆਪਣਾ-ਆਪ ਸਹੀ ਹੋਣ ਦਾ ਦਾਅਵਾ ਕਰ ਰਿਹਾ ਹੁੰਦਾ ਹੈ। ਅਜਿਹਾ ਵਿਅਕਤੀ ਕਦੇ ਵੀ ਸਾਹਮਣੇ ਵਾਲੇ ਵਿਅਕਤੀ ਦੀ ਜਗ੍ਹਾ ਖੜ੍ਹ ਕੇ ਉਸ ਦੇ ਨਜ਼ਰੀਏ ਤੋਂ ਨਹੀਂ ਵੇਖਦਾ। ਬਿਲਕੁਲ ਉਵੇਂ, ਜਿਵੇਂ ਧਰਤ 'ਤੇ ਲਿਖੇ ਮੈਥ ਦੇ ਅੱਖਰ ਛੇ ਜਾਂ ਨੌਂ ਦੇ ਖੁੱਲ੍ਹੇ ਸਿਰੇ 'ਤੇ ਖੜ੍ਹੇ ਵਿਅਕਤੀ ਨੂੰ ਉਹੀ ਅੱਖਰ ਨੌਂ ਜਾਪ ਰਿਹਾ ਹੁੰਦਾ ਹੈ, ਜਦੋਂ ਕਿ ਬੰਦ ਪਾਸੇ ਵੱਲ ਖੜ੍ਹੇ ਵਿਅਕਤੀ ਨੂੰ ਉਹੀ ਅੱਖਰ ਛੇ ਪ੍ਰਤੀਤ ਹੁੰਦਾ ਹੈ। ਸਹੀ ਦੋਵੇਂ ਹੁੰਦੇ ਹਨ, ਪਰ ਜ਼ਿੱਦ ਕਾਰਨ ਦੋਵੇਂ ਇੱਕ ਦੂਜੇ ਨੂੰ ਗਲਤ ਠਹਿਰਾ ਰਹੇ ਹੁੰਦੇ ਹਨ। ਭਰਮ ਤਦੇ ਮਿਟ ਸਕਦਾ ਹੈ, ਜੇ ਉਹ ਇੱਕ ਦੂਜੇ ਦੀ ਥਾਂ ਗ੍ਰਹਿਣ ਕਰ ਕੇ ਵੇਖਣ।

ਕਈ ਵਿਅਕਤੀ ਖਾਣਾ ਖਾਣ ਦੀ ਜ਼ਿੱਦ ਕਰਦੇ ਹਨ। ਇਸ ਜ਼ਿੱਦ ਵਾਲੇ ਵਿਅਕਤੀ ਇੱਕ ਦੂਜੇ ਨਾਲ ਜ਼ਿੱਦ ਵਿੱਚ ਵੱਧ ਖਾਣ ਦੀਆਂ ਸ਼ਰਤਾਂ ਲਾਉਂਦੇ ਹਨ। ਜ਼ਿੱਦ ਕਰ ਕੇ ਖਾਧਾ ਗਿਆ ਭੋਜਨ ਸਿਹਤ ਲਈ ਲਾਭਕਾਰੀ ਹੋਣ ਦੀ ਥਾਂ ਹਾਨੀਕਾਰਕ ਹੁੰਦਾ ਹੈ। ਜ਼ਿੱਦੀ ਮਨੁੱਖ ਭੁੱਖ ਤੋਂ ਬਗੈਰ ਭੋਜਨ ਖਾਂਦਾ ਹੈ। ਜ਼ਿੱਦ ਕਰ ਕੇ ਵਕਤ ਸਾਡੇ ਸਰੀਰ ਵਿੱਚ ਭੋਜਨ ਪਚਾਉਣ ਵਾਲੇ ਐਨਜ਼ਾਈਮ ਤਿਆਰ ਨਹੀਂ ਹੁੰਦੇ ਕਿਉਂਕਿ ਸਾਡਾ ਮਕਸਦ ਸਿਰਫ ਖਾਣਾ ਹੁੰਦਾ ਹੈ, ਨਾ ਕਿ ਪਚਾਉਣਾ। ਸਰੀਰ ਉਵੇਂ ਹੀ ਕੰਮ ਕਰਦਾ ਹੈ, ਜਿਵੇਂ ਸਾਡਾ ਦਿਮਾਗ ਸੰਕੇਤ ਦਿੰਦਾ ਹੈ। ਭੋਜਨ ਨਾ ਪਚਣ ਦਾ ਮੁੱਖ ਕਾਰਨ ਹੀ ਇਹ ਹੁੰਦਾ ਹੈ ਕਿ ਜ਼ਿੱਦ ਭੋਜਨ ਖਾਣ ਦੀ ਕੀਤੀ ਗਈ ਹੁੰਦੀ ਹੈ, ਨਾ ਕਿ ਭੋਜਨ ਪਚਾਉਣ ਦੀ।

ਜ਼ਿੱਦ ਕਰਨ ਨਾਲ ਸਮਾਂ ਤੇ ਊਰਜਾ ਦੋਵੇਂ ਬਰਬਾਦ ਹੁੰਦੇ ਹਨ। ਤੰਗ ਪੁਲ 'ਤੇ ਆਹਮੋ-ਸਾਹਮਣੇ ਆਈਆਂ ਗੱਡੀਆਂ ਇੱਕੋ ਵੇਲੇ ਪੁਲ ਨੂੰ ਪਾਰ ਨਹੀਂ ਕਰ ਸਕਦੀਆਂ। ਜੇ ਦੋਵੇਂ ਇੱਕ ਦੂਜੇ ਤੋਂ ਪਹਿਲਾਂ ਲੰਘਣ ਦੀ ਜ਼ਿੱਦ ਕਰਨ ਤਾਂ ਦੋਵਾਂ ਦੀ ਜਾਨ ਜੋਖਿਮ ਵਿੱਚ ਪੈ ਸਕਦੀ ਹੈ। ਇੱਕ ਵਿਅਕਤੀ ਰਾਹ ਛੱਡ ਕੇ ਦੂਜੇ ਨੂੰ ਪਹਿਲਾਂ ਲੰਘ ਜਾਣ ਦੇਵੇ ਤਾਂ ਇਸ ਨਾਲ ਉਨ੍ਹਾਂ ਦੋਵਾਂ ਦਾ ਸਮਾਂ ਵੀ ਬਚੇਗਾ ਤੇ ਊਰਜਾ ਵੀ।

ਜ਼ਿੱਦ ਨਾਲ ਦੋਵਾਂ ਧਿਰਾਂ ਵਿੱਚ ਆਪਸੀ ਦਰਾੜ ਪੈਦਾ ਹੁੰਦੀ ਹੈ, ਕੰਮ ਕਿਸੇ ਦਾ ਵੀ ਸਿਰੇ ਨਹੀਂ ਚੜ੍ਹਦਾ। ਇੱਕ ਵਾਰੀ ਕਿਸੇ ਔਰਤ ਦੀ ਦੂਰ ਦੀ ਰਿਸ਼ਤੇਦਾਰੀ ਵਿੱਚ ਵਿਆਹ ਸੀ। ਉਸ ਦੇ ਪਤੀ ਨੇ ਉਸ ਨੂੰ ਜਾਗੋ 'ਤੇ ਇਕੱਲਿਆਂ ਜਾਣ ਦੀ ਗੱਲ ਕਹੀ। ਸ਼ਾਇਰ ਸੁਭਾਅ ਦੇ ਪਤੀ ਨੇ ਰਾਤ ਨੂੰ ਕਿਸੇ ਮੁਸ਼ਾਇਰੇ ਵਿੱਚ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਪਤਨੀ ਦੀ ਜ਼ਿੱਦ ਸੀ ਕਿ ਤੁਹਾਡਾ ਜਾਗੋ ਵਿੱਚ ਹੋਣਾ ਵੱਧ ਲਾਜ਼ਮੀ ਹੈ। ਪਤੀ ਦੀ ਜ਼ਿੱਦ ਸੀ ਕਿ ਮੇਰਾ ਮੁਸ਼ਾਇਰੇ ਵਿੱਚ ਜਾਣਾ ਲਾਜ਼ਮੀ ਹੈ, ਉਥੇ ਵੱਡੇ-ਵੱਡੇ ਸ਼ਾਇਰ ਆਉਣੇ ਹਨ। ਦੋਵੇਂ ਆਪਣੀ-ਆਪਣੀ ਜ਼ਿੱਦ ਉਤੇ ਅੜੇ ਰਹੇ। ਨਾ ਪਤੀ ਤੋਂ ਮੁਸ਼ਾਇਰੇ ਵਿੱਚ ਜਾਇਆ ਗਿਆ ਤੇ ਨਾ ਪਤਨੀ ਤੋਂ ਜਾਗੋ 'ਤੇ।

ਜ਼ਿੱਦ ਮਨੁੱਖ ਨੂੰ ਗੁੱਸੇਖੋਰ ਬਣਾਉਂਦੀ ਹੈ। ਜ਼ਿੱਦ ਕਰਨੀ ਹੋਛੇਪਣ ਦੀ ਨਿਸ਼ਾਨੀ ਹੁੰਦੀ ਹੈ। ਵੈਸ਼ਨੋ ਵਿਆਹਾਂ ਵਿੱਚ ਸ਼ਰਾਬ ਪੀਣ ਦੀ ਜ਼ਿੱਦ ਕਰਨ ਵਾਲੇ ਵਿਅਕਤੀ ਅਸਲ ਵਿੱਚ ਖੁਸ਼ੀ ਦੇ ਸਮਾਗਮ ਨੂੰ ਗ਼ਮੀ ਵਿੱਚ ਬਦਲਣ ਦੀ ਜ਼ਿੱਦ ਕਰ ਰਹੇ ਹੁੰਦੇ ਹਨ। ਜ਼ਿੱਦ ਕਰਦੇ ਵਕਤ ਮਨੁੱਖ ਇਸ ਦੇ ਭਿਆਨਕ ਨਤੀਜਿਆਂ ਤੋਂ ਅਚੇਤ ਹੁੰਦਾ ਹੈ। ਜਮਾਤ ਵਿੱਚ ਟੈਸਟ ਨਾ ਦੇਣ ਦੀ ਜ਼ਿੱਦ ਕਰਨ ਵਾਲੇ ਬੱਚਿਆਂ ਨੂੰ ਇਮਤਿਹਾਨਾਂ ਵੇਲੇ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜ਼ਿੱਦ ਮਾਨਸਿਕ ਸੰਤੁਲਨ ਵਿੱਚ ਵਿਗਾੜ ਪੈਦਾ ਕਰਦੀ ਹੈ। ਇਹ ਨਵੀਆਂ ਮੁਸੀਬਤਾਂ ਸਹੇੜਦੀ ਅਤੇ ਨਵੇਂ ਦੁੱਖਾਂ ਨੂੰ ਜਨਮ ਦਿੰਦੀ ਹੈ। ਇੱਕ ਲੜਕੀ ਦੀ ਜ਼ਿੱਦ ਸੀ ਕਿ ਉਹ ਆਪਣੇ ਪ੍ਰੇਮੀ ਨਾਲ ਹੀ ਵਿਆਹ ਕਰਵਾਏਗੀ। ਮਾਪਿਆਂ ਦੀ ਜ਼ਿੱਦ ਸੀ ਕਿ ਉਹ ਉਹਦੇ ਪ੍ਰੇਮੀ ਨਾਲ ਵਿਆਹ ਨਹੀਂ ਹੋਣ ਦੇਣਗੇ। ਇਸੇ ਕਸ਼ਮਕਸ਼ ਵਿੱਚ ਲੜਕੀ ਨੇ ਭੱਜ ਜਾਣ ਦੀ ਸੋਚੀ। ਜਦੋਂ ਤੱਕ ਉਹਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, ਵੇਲਾ ਬੀਤ ਚੁੱਕਾ ਸੀ। ਘਰ ਜਾਣ ਬਾਰੇ ਉਹ ਸੋਚ ਨਹੀਂ ਸਕਦੀ ਸੀ, ਮਾਨਸਿਕ ਸੰਤੁਲਨ ਇਥੋਂ ਤੱਕ ਵਿਗੜ ਗਿਆ ਕਿ ਉਹਨੇ ਖੁਦਕੁਸ਼ੀ ਕਰ ਲਈ। ਨਾ ਆਪਣੇ ਪ੍ਰੇਮੀ ਨਾਲ ਰਹਿ ਸਕੀ ਤੇ ਨਾ ਪਰਵਾਰ ਨਾਲ ਅਤੇ ਫਿਰ ਵੀ ਆਪਣੇ ਪਰਵਾਰ ਤੇ ਪ੍ਰੇਮੀ ਦੋਵਾਂ ਲਈ ਨਵੀਆਂ ਸਮੱਸਿਆਵਾਂ ਉਪਜਾ ਗਈ।

ਸਾਨੂੰ ਸਾਡੀ ਜ਼ਿੱਦ ਪੁੱਗਣ ਵਿੱਚ ਅੜਿੱਕਾ ਬਣਨ ਵਾਲਾ ਵਿਅਕਤੀ ਆਪਣਾ ਹੁੰਦਾ ਹੋਇਆ ਵੀ ਬੇਗਾਨਾ ਅਤੇ ਬੁਰਾ ਲੱਗਣ ਲੱਗਦਾ ਹੈ। ਬੱਚੇ ਦਾ ਸਭ ਤੋਂ ਵੱਧ ਪਿਆਰ ਆਪਣੀ ਮਾਂ ਨਾਲ ਹੁੰਦਾ ਹੈ, ਪਰ ਜੇ ਮਾਂ ਬੱਚੇ ਦੀ ਜ਼ਿੱਦ ਨਾ ਪੁੱਗਣ ਦੇਵੇ ਤਾਂ ਬੁਰੀ ਲੱਗਣ ਲੱਗਦੀ ਹੈ। ਇੱਕ ਵਾਰੀ ਅੱਗ ਕੋਲ ਬੈਠਾ ਬੱਚਾ ਅੱਗ ਦੇ ਭਬੂਕਿਆਂ, ਇਸ ਦੇ ਤੇਜ਼ ਪ੍ਰਤਾਪ ਤੋਂ ਬੜਾ ਪ੍ਰਭਾਵਤ ਹੋ ਰਿਹਾ ਸੀ। ਉਹ ਵਾਰ-ਵਾਰ ਅੱਗ ਵਿੱਚ ਹੱਥ ਪਾ ਕੇ ਅੱਗ ਨੂੰ ਫੜਨ ਦੀ ਕੋਸ਼ਿਸ਼ ਕਰਦਾ ਸੀ। ਮਾਂ ਵਾਰ-ਵਾਰ ਰੋਕ ਰਹੀ ਸੀ। ਬੱਚੇ ਨੇ ਸੋਚਿਆ ਕਿ ਮਾਂ ਉਹਦੀ ਸਭ ਤੋਂ ਵੱਡੀ ਦੁਸ਼ਮਣ ਹੈ, ਜੋ ਉਹਨੂੰ ਏਨੇ ਸੋਹਣੇ ਰੰਗਾਂ ਵਾਲੀ ਅੱਗ ਨੂੰ ਹੱਥ ਨਹੀਂ ਲਾਉਣ ਦਿੰਦੀ, ਪਰ ਮਾਂ ਅੱਗ ਦੇ ਸੁਭਾਅ ਤੋਂ ਜਾਣੂ ਸੀ। ਉਹਨੂੰ ਪਤਾ ਸੀ ਕਿ ਜੇ ਬੱਚੇ ਨੇ ਅੱਗ ਵਿੱਚ ਹੱਥ ਪਾਇਆ ਤਾਂ ਹੱਥ ਸੜ ਜਾਵੇਗਾ

ਜ਼ਿੱਦ ਦੇ ਬੁਰੇ ਨਤੀਜਿਆਂ ਤੋਂ ਬਚਣ ਲਈ ਸਾਨੂੰ ਹਮੇਸ਼ਾ ਠਰ੍ਹੰਮੇ ਤੋਂ ਕੰਮ ਲੈਣਾ ਚਹੀਦਾ ਹੈ। ਸਾਹਮਣੇ ਵਾਲੇ ਵਿਅਕਤੀ ਦਾ ਨਜ਼ਰੀਆ ਸਮਝ ਕੇ ਜ਼ਿੱਦ ਦਾ ਹੱਲ ਬੜੇ ਸੌਖਿਆਂ ਕੀਤਾ ਜਾ ਸਕਦਾ ਹੈ। ਜੇ ਕਰਨੀ ਹੀ ਹੈ ਤਾਂ ਇਮਤਿਹਾਨਾਂ ਵਿੱਚੋਂ ਚੰਗੇ ਨੰਬਰ ਲੈਣ ਅਤੇ ਮਿਹਨਤ ਮੁਸ਼ੱਕਤ ਨਾਲ ਜ਼ਿੰਦਗੀ ਵਿੱਚ ਨਵੀਆਂ ਮੰਜ਼ਿਲਾਂ ਨੂੰ ਸਰ ਕਰਨ ਦੀ ਜ਼ਿੱਦ ਕਰੋ।



# ਪਾਕਿਸਤਾਨ ਨੇ ਸਰਹੱਦੀ ਗੇਟ ਉੱਤੇ ਪੰਜਾਬੀ 'ਚ ਸਵਾਗਤੀ ਸ਼ਬਦ ਲਿਖੇ

ਡੇਰਾ ਬਾਬਾ ਨਾਨਕ, 30 ਅਕਤੂਬਰ (ਪੋਸਟ ਬਿਊਰੋ)- ਭਾਰਤ ਅਤੇ ਪਾਕਿਸਤਾਨ ਸਰਕਾਰ ਵੱਲੋਂ 9 ਨਵੰਬਰ ਨੂੰ ਹੀ ਕਰਤਾਰਪੁਰ ਲਾਂਘੇ ਦਾ ਉਦਘਾਟਨ ਕੀਤਾ ਜਾਣਾ ਹੈ, ਜਿਸ ਕਰਕੇ ਦੋਵੇਂ ਪਾਸੇ ਕੰਮਾਂ ਨੂੰ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਕਰਤਾਰਪੁਰ ਕਾਰੀਡੋਰ ਦੇ ਆਈ ਸੀ ਪੀ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੇ ਕੁਝ ਉਚ ਅਧਿਕਾਰੀਆਂ ਨੇ ਇਥੇ ਡੇਰੇ ਲਾਏ ਹੋਏ ਹਨ ਤਾਂ ਜੋ 9 ਨਵੰਬਰ ਦੇ ਰਸਮੀ ਉਦਘਾਟਨ ਦੌਰਾਨ ਕੋਈ ਘਾਟ ਨਾ ਰਹਿ ਜਾਵੇ। ਇਸੇ ਤਰ੍ਹਾਂ ਕੰਡਿਆਲੀ ਤਾਰ ਨੇੜੇ ਹੀ ਪਾਕਿ-ਸਤਾਨ ਵੱਲੋਂ ਸ਼ਰਧਾਲੂਆਂ ਲਈ ਸਵਾਗਤੀ ਗੇਟ ਲਗਾਇਆ ਗਿਆ ਹੈ ਤੇ ਇਸ 'ਤੇ ਪੰਜਾਬੀ ਵਿੱਚ ਸਭ ਤੋਂ ਉਪਰ 'ਪਾਕਿਸਤਾਨ ਆਉਣ ਵਾਲੀ ਸੰਗਤ ਨੂੰ ਜੀ ਆਇਆਂ ਨੂੰ ਆਖਦੇ ਹਾਂ' ਲਿਖਿਆ ਗਿਆ ਹੈ। ਪਾਕਿਸਤਾਨ ਵੱਲੋਂ ਆਪਣੇ ਬਣਾਏ ਆਈ ਸੀ ਪੀ




(ਇੰਟਰਗ੍ਰੇਟਿਡ ਚੈਕ ਪੋਸਟ) 'ਤੇ ਕੱਲ੍ਹ ਆਪਣਾ ਕੌਮੀ ਝੰਡਾ ਲਹਿਰਾਇਆ ਗਿਆ। ਇਥੋਂ ਦੀਆਂ ਸਾਹਿਤ ਸਭਾਵਾਂ ਨੇ ਪਾਕਿਸਤਾਨ ਸਰਕਾਰ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਤਿਕਾਰ ਦੇਣ ਦੀ ਸ਼ਲਾਘਾ ਵੀ ਕੀਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਤਾਰਪੁਰ ਲਾਂਘਾ ਖੁੱਲ੍ਹਣ ਦੇ ਦਿਨ ਬਹੁਤੇ ਨਹੀਂ ਰਹਿ ਗਏ। ਵੱਖ-ਵੱਖ ਤਕਨੀਕੀ ਮਾਹਿਰਾਂ ਤੇ ਮਜ਼ਦੂਰਾਂ ਨੇ ਕੰਮ ਨੇਪਰੇ ਚਾੜ੍ਹਨ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ। ਭਰੋਸੇ ਯੋਗ ਸੂਤਰਾਂ ਮੁਤਾਬਕ ਕੁਝ ਕੰਮ ਲਾਂਘੇ ਦੇ ਰਸਮੀ ਉਦਘਾਟਨ ਤੋਂ ਬਾਅਦ ਵੀ ਚਾਲੂ ਰਹਿਣਗੇ, ਪਰ ਸ਼ਰਧਾਲੂਆਂ ਦੇ ਦਸਤਾਵੇਜ਼ ਚੈਕ ਕਰਨ ਅਤੇ ਹੋਰ ਲੋੜੀਂਦੇ ਪ੍ਰਬੰਧ ਆਉਂਦੇ ਕੁਝ ਦਿਨਾਂ ਵਿੱਚ ਮੁਕੰਮਲ ਹੋ ਜਾਣਗੇ। ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਨੇ ਆਪਣੇ ਹਿੱਸੇ ਦਾ ਕੰਮ ਅਕਤੂਬਰ ਦੇ ਪਹਿਲੇ ਹਫਤੇ ਮੁਕੰਮਲ ਕਰ ਲਿਆ ਸੀ। ਇਹ ਚੰਹੁ-ਮਾਰਗੀ ਲਾਂਘਾ ਪਿੰਡ ਮਾਨ ਤੋਂ ਜ਼ੀਰੋ ਲਾਈਨ ਤੱਕ 200 ਫੁੱਟ ਚੌੜਾ ਅਤੇ ਪੌਣੇ ਤਿੰਨ ਕਿਲੋਮੀਟਰ ਲੰਬਾ ਹੈ। ਸਭ ਤੋਂ ਗੁੰਝਲਦਾਰ ਕੰਮ ਆਈ ਸੀ ਪੀ (ਇੰਟਰਗ੍ਰੇਟਿਡ ਚੈਕ ਪੋਸਟ) ਦਾ ਹੈ ਜਿੱਥੇ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਦੇ ਨਾਲ ਇਮੀਗ੍ਰੇਸ਼ਨ, ਸੁਰੱਖਿਆ, ਸਟਾਫ ਦਫਤਰ ਤੋਂ ਇਲਾਵਾ ਪਾਰਕਿੰਗ ਦਾ ਕੰਮ ਮਈ ਮਹੀਨੇ ਤੋਂ ਚੱਲ ਰਿਹਾ ਹੈ।

ਦੂਜੇ ਪਾਸੇ ਪਾਕਿਸਤਾਨ ਸਰਕਾਰ ਨੇ ਸ਼ਰਧਾਲੂਆਂ ਦੇ ਸਵਾਗਤ ਲਈ ਜ਼ੀਰੋ ਲਾਈਨ ਕੋਲ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਜ਼ੀਰੋ ਲਾਈਨ ਤੋਂ ਆਈ ਸੀ ਪੀ ਤੱਕ ਸੜਕ ਨੂੰ ਖੂਬ ਸੰਵਾਰਿਆ ਜਾ ਰਿਹਾ ਹੈ। ਪਾਕਿਸਤਾਨੀ ਕਾਮਿਆਂ ਨੇ ਆਪਣੇ ਪਾਸੇ ਅਣਚਾਹੇ ਰੁੱਖਾਂ, ਘਾਹ, ਝਾੜੀਆਂ ਆਦਿ ਨੂੰ ਪੱਧਰਾ ਕਰ ਦਿੱਤਾ ਹੈ। ਭਰੋਸੇ ਯੋਗ ਸੂਤਰ ਦੱਸਦੇ ਕਿ ਉਥੋਂ ਦੀ ਸਰਕਾਰ ਨੇ ਆਈ ਸੀ ਪੀ ਵਿੱਚ ਵੀ ਲਗੱਭਗ ਸਭ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

## ਬਾਦਲ ਦੇ ਵਿਰੋਧੀ ਆਪਣੀ ਏਕਤਾ ਤੋਂ ਬਗੈਰ ਬਾਦਲ-ਵਿਰੋਧ ਲਈ ਕਾਹਲੇ

ਜਲੰਧਰ, 30 ਅਕਤੂਬਰ (ਪੋਸਟ ਬਿਊਰੋ)- ਅਕਾਲੀ ਦਲ ਬਾਦਲ ਦਾ ਵਿਰੋਧ ਕਰਨ ਵਾਲੇ ਵੱਖ-ਵੱਖ ਅਕਾਲੀ ਧੜੇ ਅਤੇ ਸੰਪਰਦਾਵਾਂ ਦੇ ਆਗੂ ਅਕਾਲੀ ਲੀਡਰਸ਼ਿਪ ਦਾ ਵਿਰੋਧ ਕਰਨ ਲਈ ਹਰ ਸਮੇਂ ਕਾਹਲੇ ਨਜ਼ਰ ਆਉਂਦੇ ਹਨ, ਪਰ ਉਹ ਲੰਬੇ ਤਜਰਬੇ ਦੇ ਬਾਵਜੂਦ ਆਪ ਇਕੱਠੇ ਹੋਣ ਲਈ ਤਿਆਰ ਨਹੀਂ ਹੁੰਦੇ। ਏਸੇ ਲਈ ਸਿਰਫ ਵਿਰੋਧ ਖਾਤਰ ਇਕੱਠੇ ਹੁੰਦੇ ਅਤੇ ਸੰਘਰਸ਼ ਦਾ ਯਤਨ ਕਰਦੇ ਇਹ ਆਗੂ ਕੁਝ ਦਿਨਾਂ ਦੀ ਸਰਗਰਮੀ ਪਿੱਛੋਂ ਫਿਰ ਆਪੋ ਵਿੱਚ ਵੰਡੇ ਜਾਂਦੇ ਹਨ।

ਇਹ ਸਾਰਾ ਕੁਝ ਪਿਛਲੇ ਚਾਰ ਸਾਲ ਵਿੱਚ ਦੋ ਵਾਰ ਹੋ ਚੁੱਕਾ ਹੈ। ਪਹਿਲੀ ਵਾਰ ਬਰਗਾੜੀ ਬੇਅਦਬੀ ਕਾਂਡ ਤੇ ਫਿਰ ਬਹਿਬਲ ਕਲਾਂ ਦੀ ਘਟਨਾ ਪਿੱਛੋਂ ਬਰਗਾੜੀ ਵਿੱਚ ਅਤੇ ਅੰਮ੍ਰਿਤਸਰ ਵਿੱਚ ਹੋਏ 'ਸਰਬੱਤ ਖਾਲਸਾ' ਵਿੱਚ ਹੱਦੋਂ ਵੱਧ ਸੰਗਤ ਇੱਕਠੀ ਹੋਈ, ਪਰ ਲੀਡਰਸ਼ਿਪ ਇੱਕੋ ਦਿਨ ਬਾਅਦ ਪਾਟ ਗਈ ਅਤੇ ਸੰਗਤ ਦੇ ਪੱਲੇ ਨਿਰਾਸ਼ਾ ਪਈ। ਫਿਰ 2018 ਵਿੱਚ ਬਰਗਾੜੀ ਮੋਰਚੇ ਨੇ ਇੱਕ ਸ਼ਾਨਦਾਰ ਮੌਕਾ ਪੇਸ਼ ਕੀਤਾ, ਪਰ ਲੋਕਾਂ ਦੇ ਰੋਹ ਨੂੰ ਆਗੂਆਂ ਦੀ ਲੜਾਈ ਨੇ ਫਿਰ ਢਾਹ ਲਾਈ ਅਤੇ ਛੇ ਮਹੀਨੇ ਲੰਮਾ ਮੋਰਚਾ ਨਿਰਾਸ਼ਾ ਦੇ ਸਿਵਾ ਕੁਝ ਪੱਲੇ ਪਾ ਕੇ ਨਹੀਂ ਗਿਆ।

ਅੱਜ ਕੱਲ੍ਹ ਫਿਰ ਸੁਣਦਾ ਹੈ ਕਿ ਵੱਖ-ਵੱਖ ਗਰੁੱਪਾਂ ਦੇ ਆਗੂਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮਾਗਮਾਂ ਮੌਕੇ ਇਕੱਠੇ ਹੋਣ ਦਾ ਯਤਨ ਸ਼ੁਰੂ ਕੀਤਾ ਹੈ। ਖਾਸ ਗੱਲ ਇਹ ਹੈ ਕਿ ਕਿਸੇ ਸਮੇਂ ਅਕਾਲੀ ਦਲ ਦੀ ਮੂਹਰਲੀ ਕਤਾਰ ਦੇ ਆਗੂ ਰਹੇ ਸੁਖਦੇਵ ਸਿੰਘ ਢੀਂਡਸਾ ਇਸ ਵਾਰੀ ਇਨ੍ਹਾਂ ਯਤਨਾਂ ਵਿੱਚ ਸਰਗਰਮ ਦੱਸੇ ਜਾਂਦੇ ਹਨ। ਪਤਾ ਲੱਗਾ ਹੈ ਕਿ ਦੀਵਾਲੀ ਵਾਲੇ ਦਿਨ ਚੰਡੀਗੜ੍ਹ ਵਿਖੇ ਇਨ੍ਹਾਂ ਆਗੂਆਂ ਦੀ ਮੀਟਿੰਗ ਹੋਈ, ਜਿਸ ਵਿੱਚ ਬਾਬਾ ਸਰਬਜੋਤ ਸਿੰਘ ਬੇਦੀ, ਸੁਖਦੇਵ ਸਿੰਘ ਢੀਂਡਸਾ, ਸੁਖਦੇਵ ਸਿੰਘ ਭੌਰ, ਰਵੀਇੰਦਰ ਸਿੰਘ ਅਤੇ ਅਕਾਲੀ ਦਲ ਟਕਸਾਲੀ ਦੇ ਕਰਨੈਲ ਸਿੰਘ ਪੀਰ ਮੁਹੰਮਦ ਸ਼ਾਮਲ ਸਨ। ਦੱਸਿਆ ਜਾਂਦਾ ਹੈ ਕਿ ਸਿਹਤ ਠੀਕ ਨਾ ਹੋਣ ਕਾਰਨ ਸੁਖਦੇਵ ਸਿੰਘ ਢੀਂਡਸਾ ਮੀਟਿੰਗ ਖਤਮ ਹੋਣ ਤੋਂ ਪਹਿਲਾਂ ਚਲੇ ਗਏ। ਮੀਟਿੰਗ ਵਿੱਚ ਗੁਰਪੁਰਬ ਮੌਕੇ 12 ਨਵੰਬਰ ਨੂੰ ਸਮਾਗਮ ਕਰਨ ਅਤੇ ਸਾਰੇ ਵਿਰੋਧੀ ਧੜਿਆਂ ਨੂੰ ਇੱਕ ਮੰਚ 'ਤੇ ਇਕੱਠੇ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ 'ਚ ਸ਼ਾਮਲ ਇੱਕ ਆਗੂ ਨੇ ਦੱਸਿਆ ਕਿ ਬਾਬਾ ਬੇਦੀ ਨੇ 12 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਸਮਾਗਮ ਸੱਦਿਆ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿੱਚ ਆਮ ਗੱਲਬਾਤ ਹੀ ਹੋਈ ਹੈ, ਕੋਈ ਠੋਸ ਫੈਸਲਾ ਕੋਈ ਨਹੀਂ ਲਿਆ ਗਿਆ। ਆਉਂਦੇ ਕੁਝ ਦਿਨਾਂ ਵਿੱਚ ਅਜਿਹੀ ਇੱਕ ਹੋਰ ਮੀਟਿੰਗ ਹੋਣ ਦੀ ਸੰਭਾਵਨਾ ਹੈ, ਜਿਸ ਦੇ ਲਈ ਹੋਰ ਅਕਾਲੀ ਧੜਿਆਂ ਤੇ ਐਡਵੋਕੇਟ ਐਚ ਐਸ ਫੂਲਕਾ ਨਾਲ ਸੰਪਰਕ ਵੀ ਕੀਤੇ ਜਾਣ ਦੀ ਗੱਲ ਸੁਣੀ ਹੈ।

## ਕਾਰੋਬਾਰੀ ਨੇ ਪਤਨੀ ਅਤੇ ਪੁੱਤਰ ਸਣੇ ਖੁਦ ਨੂੰ ਗੋਲੀਆਂ ਮਾਰੀਆਂ, ਪਤੀ ਪਤਨੀ ਦੀ ਮੌਤ

ਮਾਲੇਰਕੋਟਲਾ, 30 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਤੜਕੇ ਮਾਲੇਰਕੋਟਲਾ ਸ਼ਹਿਰ ਦੇ ਕਾਲਜ ਰੋਡ ਉਤੇ ਮਸ਼ਹੂਰ ਜੈਨ ਸਵੀਟਸ ਦੇ ਮਾਲਕ ਵਿਜੇ ਕੁਮਾਰ ਜੈਨ ਉਰਫ ਮੋਨੂੰ (40) ਨੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਆਪਣੀ ਪਤਨੀ ਆਸ਼ਾ ਜੈਨ ਅਤੇ ਪੀ ਪੀ ਐੱਸ ਈ ਨਾਭਾ ਵਿਖੇ 9ਵੀਂ ਕਲਾਸ ਵਿੱਚ ਪੜ੍ਹਦੇ ਆਪਣੇ 14 ਸਾਲਾ ਪੁੱਤਰ ਸਾਹਿਲ ਜੈਨ ਨੂੰ ਗੋਲੀਆਂ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਘਟਨਾ 'ਚ ਵਿਜੇ ਕੁਮਾਰ ਅਤੇ ਉਸ ਦੀ ਪਤਨੀ ਆਸ਼ਾ ਜੈਨ ਦੀ ਤਾਂ ਮੌਤ ਹੋ ਗਈ ਜਦ ਕਿ ਉਨ੍ਹਾਂ ਦਾ ਮਾਸੂਮ ਪੁੱਤਰ ਸਾਹਿਲ ਜੈਨ ਗੰਭੀਰ ਜ਼ਖਮੀ ਹੋ ਗਿਆ, ਜੋ ਲੁਧਿਆਣਾ ਦੇ ਦਿਆਨੰਦ ਹਸਪਤਾਲ 'ਚ ਜ਼ਿੰਦਗੀ ਤੇ ਮੌਤ ਦੀ ਜੰਗ ਲੜ ਰਿਹਾ ਹੈ।

ਇਸ ਘਟਨਾ ਦੌਰਾਨ ਗੰਭੀਰ ਜ਼ਖਮੀ ਹੋਏ ਖੂਨ ਨਾਲ ਲਥਪਥ ਬੱਚੇ ਸਾਹਿਲ ਜੈਨ ਨੇ ਹਿੰਮਤ ਦਿਖਾਉਂਦਿਆਂ ਆਪਣੇ ਮੋਬਾਈਲ ਰਾਹੀਂ ਨੇੜੇ ਇੱਕ ਹੋਰ ਘਰ 'ਚ ਰਹਿੰਦੀ ਆਪਣੀ ਦਾਦੀ ਨੂੰ ਇਸ ਘਟਨਾ ਬਾਰੇ ਦੱਸਿਆ। ਘਟਨਾ ਦੀ ਜਾਣਕਾਰੀ ਮਿਲਣ ਉੱਤੇ ਸਵੇਰੇ ਛੇ ਵਜੇ ਦੇ ਕਰੀਬ ਡੀ ਐੱਸ ਪੀ ਸੁਮਿਤ ਸੂਦ ਅਤੇ ਮਾਲੇਰਕੋਟਲਾ ਸਿਟੀ-2 ਦੇ ਐੱਸ ਐੱਚ ਓ ਭਾਰੀ ਪੁਲਸ ਫੋਰਸ ਸਮੇਤ ਘਟਨਾ ਸਥਾਨ 'ਤੇ ਪੁੱਜੇ ਜਿਨ੍ਹਾਂ ਨੇ ਹਾਦਸੇ ਵਿੱਚ ਵਰਤੇ ਗਏ ਰਿਵਾਲਵਰ ਸਮੇਤ ਕੁਝ ਹੋਰ ਸਾਮਾਨ ਆਪਣੇ ਕਬਜ਼ੇ ਵਿੱਚ ਲੈਂਦਿਆਂ ਅਗਲੀ ਛਾਣਬੀਣ ਸ਼ੁਰੂ ਕੀਤੀ ਅਤੇ ਪਰਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ।

## ਅਦਾਲਤੀ ਫੈਸਲਾ ਸ਼ਿਕਾਇਤ ਕਰਤਾ ਦੀ ਮੌਤ ਦੇ ਪੰਜ ਸਾਲ ਪਿੱਛੋਂ ਆਇਆ

ਮੰਡੀ ਗੋਬਿੰਦਗੜ੍ਹ, 30 ਅਕਤੂਬਰ (ਪੋਸਟ ਬਿਊਰੋ)- ਜੁਡੀਸ਼ਲ ਮੈਜਿਸਟ੍ਰੇਟ ਅਮਲੋਹ ਕਰਨਵੀਰ ਸਿੰਘ ਦੀ ਅਦਾਲਤ ਨੇ ਰਾਕੇਸ਼ ਕੁਮਾਰ ਉਫ ਜਗਰੂਪ ਸਿੰਘ ਪੁੱਤਰ ਬਲਦੇਵ ਕ੍ਰਿਸ਼ਨ ਵਾਸੀ ਤਕੀਆ ਮਹੋਲਾ ਅਮਲੋਹ ਨੂੰ ਫਰਾਡ ਦੇ ਕੇਸ ਵਿੱਚ ਧਾਰਾ 419 ਅਤੇ 420 ਆਈ ਪੀ ਸੀ ਹੇਠ ਦੋ ਸਾਲ ਦੀ ਸਜ਼ਾ ਤੇ 1000 ਜੁਰਮਾਨੇ ਦੀ ਸਜ਼ਾ ਸੁਣਵਾਈ ਹੈ।



ਮਿਲੀ ਜਾਣਕਾਰੀ ਅਨੁਸਾਰ ਪ੍ਰੀਤਮ ਸਿੰਘ ਪੁੱਤਰ ਸਾਧੂ ਸਿੰਘ ਨਿਵਾਸੀ ਰਾਏਪੁਰ ਚੌਬਦਾਰਾ ਨੇ ਜਿਲ੍ਹਾ ਪੁਲਸ ਪ੍ਰਮੁੱਖ ਫਤੇਗੜ੍ਹ ਸਾਹਿਬ ਦੇ ਕੋਲ ਦੋਸ਼ੀ ਰਾਕੇਸ਼ ਕੁਮਾਰ ਦੇ ਵਿਰੁੱਧ ਸ਼ਿਕਾਇਤ ਕੀਤੀ ਸੀ। ਸ਼ਿਕਾਇਤਾ ਕਰਤਾ ਨੇ ਦੋਸ਼ ਲਾਇਆ ਸੀ ਕਿ ਰਾਕੇਸ਼ ਕੁਮਾਰ ਨੇ ਜਿਲ੍ਹਾ ਨਵਾਂਸ਼ਹਰ ਦੀ ਤਹਸੀਲ ਬੰਗਾ ਦੇ ਪਿੰਡ ਫਰਾਲਾ ਦੇ ਰਾਕੇਸ਼ ਕੁਮਾਰ, ਜਿਸ ਦੇ ਪਿਤਾ ਦਾ ਨਾਮ ਵੀ ਬਲਦੇਵ ਕ੍ਰਿਸ਼ਨ ਸੀ, ਦਾ ਮੈਟ੍ਰਿਕ ਦਾ ਸਰਟੀਫਿਕੇਟ ਹਾਸਲ ਕਰਕੇ ਉਸਦੇ ਆਧਾਰ 'ਤੇ ਸਿੰਚਾਈ ਵਿਭਾਗ ਵਿੱਚ ਟੈਲੀਫੋਨ ਅਟੈਂਡੈਂਟ ਦੀ ਨੌਕਰੀ ਹਾਸਲ ਕੀਤੀ ਸੀ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਕਿ ਰਾਕੇਸ਼ ਕੁਮਾਰ ਦਾ ਪਹਿਲਾ ਨਾਮ ਜਗਰੂਪ ਸਿੰਘ ਸੀ ਅਤੇ ਇਸ ਨੇ ਆਪਣਾ ਨਾਮ ਬਦਲ ਕੇ ਰਾਕੇਸ਼ ਕੁਮਾਰ ਦੱਸ ਕੇ ਨੌਕਰੀ ਲੈ ਲਈ, ਜਦ ਕਿ ਅਸਲੀ ਰਾਕੇਸ਼ ਕੁਮਾਰ ਇਟਲੀ ਵਿੱਚ ਹੈ। ਜਗਰੂਪ ਸਿੰਘ 9ਵੀਂ ਕਲਾਸ ਤੱਕ ਪੜ੍ਹਿਆ ਹੈ। ਇਸ ਸ਼ਿਕਾਇਤ ਦੀ ਜਾਂਚ ਡੀ ਐਸ ਪੀ ਅਮਲੋਹ ਨੇ ਕੀਤੀ ਅਤੇ ਇਸ 'ਤੇ ਪੁਲਸ ਨੇ ਦੋਸ਼ੀ ਦੇ ਵਿਰੁੱਧ ਧਾਰਾ 419 ਅਤੇ 420 ਦਾ ਕੇਸ ਮਿਲੀ 8 ਨਵੰਬਰ 2012 ਨੂੰ ਦਰਜ ਕੀਤਾ ਸੀ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਕਥਿਨ ਦੋਸ਼ੀ ਨੂੰ ਦੋਵਾਂ ਧਾਰਾਵਾਂ ਅਧੀਨ ਦੋ-ਦੋ ਸਾਲ ਦੀ ਸਜ਼ਾ ਅਤੇ 1000 ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਵਰਨਣ ਯੋਗ ਹੈ ਕਿ ਕੇਸ ਦੇ ਸ਼ਿਕਾਇਤ ਕਰਤਾ ਪ੍ਰੀਤਮ ਸਿੰਘ ਦੀ ਪੰਜ ਸਾਲ ਪਹਿਲਾ 13 ਅਗਸਤ 2014 ਨੂੰ ਮੌਤ ਹੋ ਚੁੱਕੀ ਹੈ ਅਤੇ ਉਸ ਵੱਲੋਂ ਦਰਜ ਕਰਵਾਏ ਕੇਸ ਦਾ ਫੈਸਲਾ ਸੱਤ ਸਾਲ ਬਾਅਦ ਆਇਆ ਹੈ।

## ਨਸ਼ਾ ਤਸਕਰੀ ਦੇ ਦੋਸ਼ ਵਿੱਚ ਮਹਿਲਾ ਥਾਣੇਦਾਰ ਤੇ ਉਸ ਦਾ ਸਾਥੀ ਨੌਜਵਾਨ ਗ੍ਰਿਫਤਾਰ

ਤਰਨ ਤਾਰਨ, 30 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਐਂਟੀ ਨਾਰਕੋਟਿਕਸ ਸੈਲ ਪੱਟੀ ਦੀ ਟੀਮ ਨੇ ਕੱਲ੍ਹ ਨਸ਼ਾ ਤਸਕਰੀ ਦੇ ਦੋਸ਼ ਵਿੱਚ ਮਹਿਲਾ ਏ ਐਸ ਆਈ ਅਤੇ ਇੱਕ ਨੌਜਵਾਨ ਨੂੰ ਪੰਜਾਹ ਗਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਕੀਤੀ ਗਈ ਰੇਨੂ ਬਾਲਾ ਪਟਿਆਲਾ ਦੇ ਅਰਬਨ ਅਸਟੇਟ ਥਾਣੇ ਵਿੱਚ ਤੈਨਾਤ ਸੀ।



ਦੱਸਿਆ ਜਾ ਰਿਹਾ ਹੈ ਕਿ ਪੰਜਾਬ ਪੁਲਸ ਦੇ ਚਾਰ ਉੱਚ ਅਧਿਕਾਰੀ ਇਸ ਔਰਤ ਦੇ ਰਿਸ਼ਤੇਦਾਰ ਹਨ। ਫਿਲਹਾਲ ਐਂਟੀ ਨਾਰਕੋਟਿਕਸ ਸੈੱਲ ਪੱਟੀ ਦੀ ਟੀਮ ਇਸ ਏ ਐੱਸ ਆਈ ਅਤੇ ਨੌਜਵਾਨ ਤੋਂ ਪੁੱਛਗਿੱਛ ਕਰ ਰਹੀ ਹੈ। ਇਸ ਸੰਬੰਧ ਵਿੱਚ ਐਂਟੀ ਨਾਰਕੋਟਿਕਸ ਸੈੱਲ ਪੱਟੀ ਦੇ ਇੰਚਾਰਜ ਸਬ ਇੰਸਪੈਕਟਰ ਸੁਖਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਟੀਮ ਸਮੇਤ ਗਸ਼ਤ ਦੌਰਾਨ ਰੇਨੂ ਬਾਲਾ ਅਤੇ ਉਸ ਦੇ ਸਾਥੀ ਨਿਸ਼ਾਨ ਸਿੰਘ ਨੂੰ ਪੱਟੀ ਤੋਂ ਗ੍ਰਿਫਤਾਰ ਕੀਤਾ ਹੈ। ਮਹਿਲਾ ਏ ਐੱਸ ਆਈ ਦੇ ਕਬਜ਼ੇ ਵਿੱਚੋਂ 50 ਗਰਾਮ ਹੈਰੋਇਨ ਮਿਲੀ ਸੀ। ਸੂਤਰਾਂ ਮੁਤਾਬਕ ਰੇਣੂ ਬਾਲਾ ਨੌਜਵਾਨ ਨਿਸ਼ਾਨ ਸਿੰਘ ਨੂੰ 50 ਗਰਾਮ ਹੈਰੋਇਨ ਦੇਣ ਲਈ ਪਟਿਆਲਾ ਤੋਂ ਬਸ ਰਾਹੀਂ ਪੱਟੀ ਆਈ ਸੀ ਤੇ ਪੁਲਸ ਦੇ ਅਨੁਸਾਰ ਪੱਟੀ ਦੇ ਨੌਜਵਾਨ ਨਿਸ਼ਾਨ ਸਿੰਘ ਦੇ ਨਾਲ ਉਸ ਦੇ ਸੰਬੰਧ ਸੋਸ਼ਲ ਮੀਡੀਆ ਰਾਹੀਂ ਬਣੇ ਸਨ ਤੇ ਉਸ ਨਾਲ ਮਿਲ ਕੇ ਉਹ ਨਸ਼ਾ ਤਸਕਰੀ ਕਰਦੀ ਸੀ।

ਦੂਸਰੇ ਪਾਸੇ ਪਟਿਆਲਾ ਦੇ ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਨੇ ਥਾਣਾ ਅਰਬਨ ਅਸਟੇਟ ਦੇ ਇੰਚਾਰਜ ਹੈਰੀ ਬੋਪਾਰਾਏ ਦੇ ਖਿਲਾਫ ਵੀ ਵਿਭਾਗੀ ਜਾਂਚ ਦੀ ਸਿਫਾਰਸ਼ ਕੀਤੀ ਹੈ। ਰੇਨੂੰ ਬਾਲਾ ਥਾਣਾ ਅਰਬਨ ਅਸਟੇਟ ਵਿੱਚ 19 ਜੂਨ ਤੋਂ ਤੈਨਾਤ ਸੀ। ਮਹਿਲਾ ਏ ਐੱਸ ਆਈ ਦਾ ਪਤੀ ਤੇ ਹੋਰ ਤਿੰਨ ਪਰਵਾਰਕ ਮੈਂਬਰ ਵੀ ਪੁਲਸ ਵਿੱਚ ਹਨ। ਰੇਨੂ ਬਾਲਾ ਪਿਛਲੇ ਕੁਝ ਦਿਨਾਂ ਤੋਂ ਛੁੱਟੀ 'ਤੇ ਸੀ। ਸੂਤਰਾਂ ਮੁਤਾਬਕ ਏ ਐੱਸ ਆਈ ਰੇਨੂ ਬਾਲਾ ਦਿੱਲੀ ਤੋਂ ਹੈਰੋਇਨ ਲਿਆ ਕੇ ਨਿਸ਼ਾਨ ਸਿੰਘ ਨੂੰ ਸਪਲਾਈ ਕਰਦੀ ਸੀ। ਤਰਨ ਤਾਰਨੇ ਦੇ ਐੱਸ ਐੱਸ ਪੀ ਧਰੁਵ ਦਹੀਆ ਨੇ ਦੱਸਿਆ ਕਿ ਏ ਐੱਸ ਆਈ ਰੇਣੂ ਬਾਲਾ ਅਤੇ ਨੌਜਵਾਨ ਨਿਸ਼ਾਨ ਸਿੰਘ ਨੂੰ ਗ੍ਰਿਫਤਾਰ ਕਰ ਕੇ ਥਾਣਾ ਪੱਟੀ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ।

## ਸਾਬਕਾ ਫੌਜੀ ਨੇ ਛੋਟੇ ਭਰਾ ਨੂੰ ਗੋਲੀ ਮਾਰ ਕੇ ਮਾਰਿਆ

ਖਮਾਣੋਂ, 30 ਅਕਤੂਬਰ (ਪੋਸਟ ਬਿਊਰੋ)- ਖਮਾਣੋਂ ਸਬ ਡਵੀਜ਼ਨ ਦੇ ਪਿੰਡ ਧਨੌਲਾ ਵਿੱਚ ਇੱਕ ਸਾਬਕਾ ਫੌਜੀ ਨੇ ਝਗੜੇ ਕਾਰਨ ਆਪਣੇ ਛੋਟੇ ਭਰਾ ਦੇ ਮੋਢੇ ਵਿੱਚ ਗੋਲੀ ਮਾਰ ਕੇ ਉਸ ਨੂੰ ਮਾਰ ਦਿੱਤਾ ਹੈ। ਘਟਨਾ ਸ਼ਨੀਵਾਰ ਦੇਰ ਸ਼ਾਮ ਦੀ ਦੱਸੀ ਗਈ ਹੈ। ਮ੍ਰਿਤਕ ਦੀ ਪਛਾਣ ਰਘੁਵੀਰ ਸਿੰਘ ਅਤੇ ਦੋਸ਼ੀ ਦੀ ਪਛਾਣ ਹਰਜੀਵ ਸਿੰਘ ਪਿੰਡ ਧਨੌਲਾ ਵਜੋਂ ਹੋਈ ਹੈ। ਕਤਲ ਦੇ ਦੋਸ਼ੀ ਦੀ ਪਤਨੀ ਨੇ ਹੀ ਆਪਣੇ ਪਤੀ ਖਿਲਾਫ ਕਤਲ ਦਾ ਕੇਸ ਦਰਜ ਕਰਾਇਆ ਹੈ।



ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮਹਿਲਾ ਕਸ਼ਮੀਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਹਰਜੀਵ ਸਿੰਘ ਸ਼ਰਾਬ ਪੀਣ ਦਾ ਆਦੀ ਹੈ ਅਤੇ ਉਸ ਦੇ ਘਰ ਦਾ ਖਰਚ ਉਸ ਦਾ ਦਿਓਰ ਰਘੁਵੀਰ ਸਿੰਘ ਚਲਾਉਂਦਾ ਰਿਹਾ ਹੈ ਤੇ ਉਸ ਦਾ ਪਤੀ ਹਰਜੀਵ ਸਿੰਘ ਉਸ ਦੇ ਦਿਓਰ ਨਾਲ ਖਾਰ ਖਾਂਦਾ ਸੀ। ਏਸੇ ਰੰਜਸ਼ ਵਜੋਂ ਸ਼ਨੀਵਾਰ ਰਾਤ ਉਸ ਨੇ ਰਘੁਵੀਰ ਸਿੰਘ ਦੇ ਮੋਢੇ ਵਿੱਚ ਗੋਲੀ ਮਾਰ ਦਿੱਤੀ। ਖੂਨ ਨਾਲ ਲਥਪਥ ਰਘੁਵੀਰ ਸਿੰਘ ਨੂੰ ਸਿਵਲ ਹਸਪਤਾਲ ਖਮਾਣੋਂ ਲਿਆਂਦਾ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਖਮਾਣੋਂ ਪੁਲਸ ਸਟੇਸ਼ਨ ਦੇ ਐੱਸ ਐੱਚ ਓ ਰਾਜ ਕੁਮਾਰ ਨੇ ਮਹਿਲਾ ਕਸ਼ਮੀਰ ਕੌਰ ਦੇ ਬਿਆਨ ਉੱਤੇ ਹਰਜੀਵ ਸਿੰਘ 'ਤੇ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵਾਹਨ ਦੀ ਟੱਕਰ ਨਾਲ ਕਈ ਵਾਰ ਉਲਟਣ ਪਿੱਛੋਂ ਕਾਰ ਸਵਾਰ ਦੀ ਮੌਤ

ਸਮਾਣਾ, 30 ਅਕਤੂਬਰ (ਪੋਸਟ ਬਿਊਰੋ)- ਪਟਿਆਲਾ ਰੋਡ 'ਤੇ ਕੱਲ੍ਹ ਦੇਰ ਰਾਤ ਆਦਰਸ਼ ਹੋਟਲ ਨੇੜੇ ਅਣਜਾਣ ਵਾਹਨ ਦੀ ਟੱਕਰ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਾਰ ਐਸੋਸੀਏਸ਼ਨ ਦੇ ਵਕੀਲ ਸਰਬਜੀਤ ਸਿੰਘ ਦੇ ਰੂਪ ਵਿੱਚ ਹੋਈ। ਸਰਬਜੀਤ ਸਿੰਘ ਪਟਿਆਲਾ ਦੇ ਆਦਰਸ਼ ਨਗਰ ਵਿੱਚ ਰਹਿ ਰਹੇ ਸਨ ਅਤੇ ਸਮਾਣਾ ਤੋਂ ਕਿਸੇ ਸਮਾਗਮ ਵਿੱਚ ਸ਼ਿਰਕਤ ਕਰਨ ਦੇ ਬਾਅਦ ਘਰ ਮੁੜ ਰਹੇ ਸਨ। ਉਨ੍ਹਾਂ ਨੂੰ ਪਿੱਛੋਂ ਕਿਸੇ ਵਾਹਨ ਨੇ ਟੱਕਰ ਮਾਰੀ ਸੀ, ਜਿਸ ਦੇ ਬਾਅਦ ਉਨ੍ਹਾਂ ਦੀ ਗੱਡੀ ਕਈ ਵਾਰ ਉਲਟਬਾਜ਼ੀਆਂ ਖਾ ਕੇ ਰੁਕੀ। ਇਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਿਟੀ ਪੁਲਸ ਦੇ ਅਧਿਕਾਰੀ ਕਸ਼ਮੀਰ ਸਿੰਘ ਨੇ ਦੱਸਿਆ ਕਿ ਐਡਵੋਕੇਟ ਸਰਬਜੀਤ ਸਿੰਘ ਪਟਿਆਲਾ ਜਾ ਰਹੇ ਸਨ। ਵਾਰਦਾਤ ਦੇ ਬਾਅਦ ਅਣਪਛਾਤਾ ਵਾਹਨ ਚਾਲਕ ਫਰਾਰ ਹੋ ਗਿਆ।

## ਪੁਲਸ ਵਾਲੇ ਦੀ ਕਾਰ ਹੇਠ ਆਏ ਨੌਜਵਾਨ ਦੀ ਇੱਕ ਮਹੀਨਾ ਪਿੱਛੋਂ ਮੌਤ

ਜਲੰਧਰ, 30 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਖੇਤਰ ਪਿੰਡ ਧੀਣਾ 'ਚ ਇੱਕ ਮਹੀਨਾ ਪਹਿਲਾਂ ਸੀ ਆਈ ਏ ਪੁਲਸ ਦੇ ਮੁਲਾਜ਼ਮ ਵੱਲੋਂ ਕਾਰ ਨਾਲ ਕੁਚਲੇ ਗਏ ਧੀਣਾ ਵਾਸੀ ਵਿਲੀਅਮ (22) ਪੁੱਤਰ ਵਿਕਟਰ ਮਸੀਹ ਦੀ ਇਲਾਜ ਦੇ ਦੌਰਾਨ ਹਸਪਤਾਲ 'ਚ ਮੌਤ ਹੋ ਗਈ। ਹਾਦਸੇ ਵਿੱਚ ਜ਼ਖਮੀ ਹੋਏ ਵਿਲੀਅਮ ਦੇ ਦੋਸਤ ਆਸ਼ੀਸ਼ ਪੁੱਤਰ ਬਲਵੀਰ ਸਿੰਘ (21) ਦੀ ਹਾਲਤ ਵਿੱਚ ਸੁਧਾਰ ਆਉਣ ਤੋਂ ਬਾਅਦ ਹਸਪਤਾਲ 'ਚੋਂ ਛੁੱਟੀ ਦੇ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਕਿ 21 ਸਤੰਬਰ ਨੂੰ ਵਿਲੀਅਮ ਤੇ ਆਸ਼ੀਸ਼ ਨੂੰ ਤੇਜ਼ ਰਫਤਾਰ ਸਵਿਫਟ ਕਾਰ ਨ ਕੁਚਲ ਦਿੱਤਾ ਸੀ। ਇਸ ਘਟਨਾ ਵਿੱਚ ਦੋਵੇਂ ਨੌਜਵਾਨਾਂ ਦੀਆਂ ਲੱਤਾਂ ਟੁੱਟ ਗਈਆਂ ਅਤੇ ਵਿਲੀਅਮ ਸਿਰ 'ਤੇ ਸੱਟ ਲੱਗੀ ਸੀ। ਰਾਹਗੀਰਾਂ ਦੀ ਮਦਦ ਨਾਲ ਉਨ੍ਹਾਂ ਨੂੰ ਜੌਹਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿਸ ਦੇ ਚਾਰ ਦਿਨ ਬਾਅਦ ਅਸ਼ੀਸ਼ ਦੇ ਬਿਆਨ ਲਈ ਫਿੱਟ ਹੋਣ 'ਤੇ ਥਾਣਾ ਸਦਰ ਦੀ ਪੁਲਸ ਨੇ ਉਸ ਦੇ ਬਿਆਨ ਨੋਟ ਕੀਤੇ ਸਨ। ਆਸ਼ੀਸ਼ ਨੇ ਪੁਲਸ ਨੂੰ ਬਿਆਨ ਦਿੱਤਾ ਸੀ ਕਿ 21 ਸਤੰਬਰ ਨੂੰ ਉਹ ਆਪਣੇ ਦੋਸਤ ਵਿਲੀਅਮ ਨਾਲ ਪਿੰਡ ਧੀਣਾ ਵਿੱਚ ਲੰਡਨ ਰੈਸਟੋਰੈਂਟ ਦੇ ਬਾਹਰ ਖੜ੍ਹਾ ਸੀ। ਇਸੇ ਦੌਰਾਨ ਜਲੰਧਰ ਵੱਲੋਂ ਚਿੱਟੇ ਰੰਗ ਦੀ ਸਵਿਫਟ ਕਾਰ ਉਨ੍ਹਾਂ ਕੋਲ ਆ ਕੇ ਰੁਕੀ ਤਾਂ ਕਾਰ ਵਿੱਚ ਬੈਠਾ ਚਾਲਕ ਮੋਬਾਈਲ ਨਾਲ ਉਨ੍ਹਾਂ ਦੋਵਾਂ ਦੀ ਫੋਟੋ ਖਿੱਚਣ ਲੱਗਾ। ਇਸ 'ਤੇ ਉਨ੍ਹਾਂ ਇਤਰਾਜ਼ ਕੀਤਾ ਤਾਂ ਕਾਰ ਚਾਲਕ, ਜਿਸ ਨੇ ਸ਼ਰਾਬ ਪੀਤੀ ਹੋਈ ਸੀ, ਨੇ ਖੁਦ ਨੂੰ ਸੀ ਆਈ ਏ ਸਟਾਫ ਦਾ ਮੁਲਾਜ਼ਮ ਦੱਸ ਕੇ ਉਨ੍ਹਾਂ ਨਾਲ ਗਾਲੀ-ਗਲੋਚ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਕਾਰ ਚਾਲਕ ਆਪਣੀ ਕਾਰ ਨੂੰ ਉਥੋਂ ਭਜਾ ਕੇ ਲੈ ਗਿਆ। ਅਸ਼ੀਸ਼ ਮੁਤਾਬਕ ਇਸ ਤੋਂ ਬਾਅਦ ਉਹ ਵਿਲੀਅਮ ਨਾਲ ਉਸ ਦੇ ਘਰ ਵੱਲ ਪਿੰਡ ਦੀ ਸੜਕ 'ਤੇ ਜਾ ਰਿਹਾ ਸੀ ਤਾਂ ਜਲੰਧਰ ਵੱਲੋਂ ਆਈ ਉਕਤ ਚਿੱਟੇ ਰੰਗ ਦੀ ਸਵਿਫਟ ਕਾਰ ਨੇ ਉਨ੍ਹਾਂ ਨੂੰ ਕੁਚਲ ਦਿੱਤਾ ਜਿਸ ਦੌਰਾਨ ਉਸ ਦੀਆਂ ਦੋਵਾਂ ਲੱਤਾਂ ਟੁੱਟ ਗਈਆਂ ਜਦ ਕਿ ਉਸ ਦੇ ਦੋਸਤ ਵਿਲੀਅਮ ਦੀਆਂ ਲੱਤਾਂ ਟੁੱਟਣ ਦੇ ਨਾਲ ਸਿਰ ਉੱਤੇ ਵੀ ਡੂੰਘੀ ਸੱਟ ਲੱਗ ਗਈ।

### ਬਹਿਬਲ ਕਲਾਂ ਕਾਂਡ

## ਚਰਨਜੀਤ ਸ਼ਰਮਾ ਵੱਲੋਂ ਜਾਂਚ ਟੀਮ ਉੱਤੇ ਕੁਝ ਸਹੀ ਤੱਥ ਲੁਕਾਉਣ ਦਾ ਦੋਸ਼

* ਜ਼ਿਲਾ ਅਟਾਰਨੀ ਨੇ ਜਾਂਚ ਟੀਮ ਦੀ ਪੜਤਾਲ ਨਿਰਪੱਖ ਆਖੀ

ਫਰੀਦਕੋਟ, 30 ਅਕਤੂਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਹੋਵੇ ਬਹਿਬਲ ਕਾਂਡ ਵਿੱਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੇ ਕੱਲ੍ਹ ਇਥੇ ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿੱਚ ਸੁਣਵਾਈ ਮੌਕੇ ਦਾਅਵਾ ਕੀਤਾ ਕਿ ਵਿਸ਼ੇਸ਼ ਜਾਂਚ ਟੀਮ ਇਸ ਕੇਸ ਦੀ ਸੁਣਵਾਈ ਨੂੰ ਜਾਣ ਬੁੱਝ ਕੇ ਲਮਕਾ ਰਹੀ ਹੈ ਅਤੇ ਸਾਜ਼ਿਸ਼ ਦੇ ਤਹਿਤ ਜਾਂਚ ਦੇ ਕੁਝ ਤੱਥਾਂ ਨੂੰ ਛੁਪਾਇਆ ਜਾ ਰਿਹਾ ਹੈ।



ਇਸ ਮੌਕੇ ਚਰਨਜੀਤ ਸ਼ਰਮਾ ਨੇ ਅਦਾਲਤ 'ਚ ਅਰਜ਼ੀ ਦੇ ਕੇ ਦੋਸ਼ ਲਾਇਆ ਕਿ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿੱਚ ਪੇਸ਼ ਕੀਤੀ ਚਾਰਜਸ਼ੀਟ ਵਿੱਚ ਕੁਝ ਗਵਾਹਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦੇ ਜਾਂਚ ਟੀਮ ਨੇ ਪੜਤਾਲ ਦੌਰਾਨ ਬਿਆਨ ਦੇਖੇ ਸਨ, ਪਰ ਇਹ ਬਿਆਨ ਜਾਂਚ ਟੀਮ ਨੇ ਚਾਰਜਸ਼ੀਟ ਨਾਲ ਨੱਥੀ ਨਹੀਂ ਕੀਤੇ ਅਤੇ ਨਾ ਇਸ ਦੀਆਂ ਨਕਲਾਂ ਕਾਨੂੰਨ ਦੇ ਮੁਤਾਬਕ ਉਸ ਨੂੰ ਦਿੱਤੀਆਂ ਹਨ। ਚਰਨਜੀਤ ਸ਼ਰਮਾ ਦੇ ਵਕੀਲ ਕੁਲਇੰਦਰ ਸਿੰਘ ਸੇਖੋਂ ਨੇ ਕਿਹਾ ਕਿ ਉਹ ਇਸ ਕੇਸ ਵਿੱਚ ਦੋਸ਼ ਆਇਦ ਕਰਨ ਵਾਲੇ ਮੁੱਦੇ ਉਤੇ ਬਹਿਸ ਕਰਨ ਲਈ ਤਿਆਰ ਹਨ, ਬਸ਼ਰਤੇ ਕਿ ਉਨ੍ਹਾਂ ਨੂੰ ਚਾਰਜਸ਼ੀਟ ਵਿੱਚ ਦਰਜ ਗਵਾਹਾਂ ਦੇ ਬਿਆਨਾਂ ਦੀਆਂ ਨਕਲਾਂ ਦੇ ਦਿੱਤੀਆਂ ਜਾਣ। ਦੂਸਰੇ ਪਾਸੇ ਜ਼ਿਲਾ ਅਟਾਰਨੀ ਰਜਨੀਸ਼ ਕੁਮਾਰ ਗੋਇਲ ਨੇ ਜਾਂਚ ਟੀਮ ਦੇ ਪੱਖ ਵਿੱਚ ਬਹਿਸ ਕਿਹਾ ਕਿ ਚਾਰਜਸ਼ੀਟ ਵਿੱਚ ਦਰਜ ਕੀਤੇ ਦਸਤਾਵੇਜ਼ਾਂ ਦੀ ਇੱਕ ਨਕਲ ਸੀ ਆਰ ਪੀ ਸੀ ਦੀ ਧਾਰਾ 207 ਹੇਠ ਪਹਿਲਾਂ ਹੀ ਚਰਨਜੀਤ ਸ਼ਰਮਾ ਨੂੰ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਾਂਚ ਟੀਮ ਨੇ ਨਿਰਪੱਖ ਪੜਤਾਲ ਕਰ ਕੇ ਉਸ ਦੀ ਮੁਕੰਮਲ ਰਿਪੋਰਟ ਅਦਾਲਤ ਨੂੰ ਦਿੱਤੀ ਹੈ। ਅਦਾਲਤ ਨੇ ਬਹਿਸ ਸੁਣਨ ਤੋਂ ਬਾਅਦ ਪੰਜ ਨਵੰਬਰ ਤੱਕ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਉਸ ਦਿਨ ਇਸ ਬਾਰੇ ਅਦਾਲਤ ਦਾ ਕੋਈ ਫੈਸਲਾ ਆਉਣ ਦੀ ਸੰਭਾਵਨਾ ਹੈ।

## ਅਕਾਲੀ ਨੇਤਾ ਮਨਪ੍ਰੀਤ ਇਆਲੀ ਨੇ ਵਿਧਾਇਕ ਵਜੋਂ ਸਹੁੰ ਚੁੱਕੀ

ਚੰਡੀਗੜ੍ਹ, 30 ਅਕਤੂਬਰ (ਪੋਸਟ ਬਿਊਰੋ)- ਪਿਛਲੇ ਹਫਤੇ ਹੋਈ ਦਾਖਾ ਵਿਧਾਨ ਸਭਾ ਹਲਕੇ ਦੀ ਉੱਪ ਚੋਣ ਵਿੱਚ ਜਿੱਤੇ ਹੋਏ ਇਸ ਹਲਕੇ ਦੇ ਨਵੇਂ ਵਿਧਾਇਕ ਅਤੇ ਅਕਾਲੀ ਨੇਤਾ ਮਨਪ੍ਰੀਤ ਸਿੰਘ ਇਆਲੀ ਨੂੰ ਵਿਧਾਨ ਸਭਾ ਸਪੀਕਰ ਨੇ ਭਾਰਤ ਦੇ ਸੰਵਿਧਾਨ ਪ੍ਰਤੀ ਸ਼ਰਧਾ ਅਤੇ ਭਾਰਤ ਦੀ ਏਕਤਾ ਅਖੰਡਤਾ ਦੀ ਸਹੁੰ ਚੁਕਾਈ ਹੈ। ਇਸ ਸਾਦਾ ਸਹੁੰ ਚੁੱਕ ਸਮਾਗਮ ਮੌਕੇ ਸਪੀਕਰ ਦੇ ਚੈਂਬਰ ਵਿੱਚ ਮਨਪ੍ਰੀਤ ਸਿੰਘ ਇਆਲੀ ਦੇ ਪਰਵਾਰ ਦੇ ਮੈਂਬਰ, ਪਤਨੀ ਅਤੇ ਬੇਟਾ ਹਾਜ਼ਰ ਸਨ।



ਸਹੁੰ ਚੁੱਕਣ ਦੇ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਮਨਪ੍ਰੀਤ ਸਿੰਘ ਇਆਲੀ ਨੇ ਹਲਕਾ ਦਾਖਾ ਦੇ ਵੋਟਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਕਾਂਗਰਸ ਸਰਕਾਰ ਨੇ ਪਿਛਲੇ ਢਾਈ ਸਾਲਾਂ ਵਿੱਚ ਦਾਖਾ ਦੇ 77 ਵਿਅਕਤੀਆਂ ਵਿਸ਼ੇਸ਼ ਕਰ ਕੇ ਸਾਬਕਾ ਅਤੇ ਮੌਜੂਦਾ ਸਰਪੰਚਾਂ ਵਿਰੁੱਧ ਝੂਠੇ ਕੇਸ ਦਰਜ ਕੀਤੇ ਹਨ। ਉਨ੍ਹਾਂ ਦੱਸਿਆ ਕਿ ਕਿਵੇਂ ਕਾਂਗਰਸ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਤੇ ਹੋਰ ਨੇਤਾਵਾਂ ਨੇ ਬੇਤਹਾਸ਼ਾ ਸਰਕਾਰੀ ਮਸ਼ੀਨਰੀ ਤੇ ਪੁਲਸ ਦਾ ਦੁਰਉਪਯੋਗ ਕੀਤਾ। ਦੂਜੀ ਵਾਰ ਵਿਧਾਇਕ ਬਣੇ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਉਨ੍ਹਾਂ ਦੀ ਜਿੱਤ ਦੇ ਨਾਲ ਫਿਰ ਅਕਾਲੀ-ਭਾਜਪਾ ਦੀ ਸਰਕਾਰ ਬਣੇਗੀ। ਇਨ੍ਹਾਂ ਉੱਪ ਚੋਣਾਂ ਦੇ ਨਤੀਜੇ ਵਜੋਂ 117 ਮੈਂਬਰੀ ਹਾਊਸ ਵਿੱਚ ਕਾਂਗਰਸ ਦੇ ਅੱਸੀ ਵਿਧਾਇਕ, ਅਕਾਲੀ ਦਲ ਦੇ 14, ਭਾਜਪਾ ਦਾ ਇੱਕ ਘਟਣ ਦੇ ਬਾਅਦ ਸਿਰਫ ਦੋ ਅਤੇ ਆਮ ਆਦਮੀ ਪਾਰਟੀ ਦੇ 19 ਵਿਧਾਇਕ ਰਹਿ ਗਏ ਹਨ। ਲੋਕ ਇਨਸਾਫ ਪਾਰਟੀ ਦੇ ਵੀ ਦੋ ਵਿਧਾਇਕ ਹਨ।

## ਹਸਪਤਾਲ ਵਿੱਚ ਅਲਟਰਾ ਸਾਊਂਡ ਕਰਦੀ ਨਰਸ ਦਾ ਵੀਡੀਓ ਬਣਾ ਕੇ ਡਾਕਟਰ ਤੋਂ ਇੱਕ ਕਰੋੜ ਮਗੇ

ਫਰੀਦਕੋਟ, 30 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਚਲਾਉਣ ਵਾਲੇ ਡਾਕਟਰ ਵਿਮਲ ਗਰਗ ਤੇ ਉਨ੍ਹਾਂ ਦੀ ਪਤਨੀ ਯੂਰਪ ਟੂਰ 'ਤੇ ਗਏ ਸਨ। ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਹਸਪਤਾਲ ਵਿੱਚ ਕੰਮ ਕਰਦੀ ਨਰਸ ਨੇ ਇੱਕ ਮਰੀਜ਼ ਦਾ ਅਲਟਰਾਸਾਊਂਡ ਕਰ ਦਿੱਤਾ। ਇਸ ਦੌਰਾਨ ਇੱਕ ਵਿਅਕਤੀ ਨੇ ਉਸ ਦੀ ਵੀਡੀਓ ਬਣਾ ਲਈ। ਇਸੇ ਵੀਡੀਓ ਦੇ ਆਧਾਰ 'ਤੇ ਉਕਤ ਵਿਅਕਤੀ ਡਾਕਟਰ ਨੂੰ ਬਲੈਕਮੇਲ ਕਰ ਕੇ ਉਸ ਤੋਂ ਇੱਕ ਕਰੋੜ ਦੀ ਮੰਗ ਕਰਨ ਲੱਗਾ। ਡਾਕਟਰ ਨੇ ਮਾਮਲੇ ਦੀ ਸ਼ਿਕਾਇਤ ਐੱਸ ਐੱਸ ਪੀ ਨੂੰ ਦਿੱਤੀ ਹੈ। ਪੁਲਸ ਵੱਲੋਂ ਜਾਂਚ ਦੇ ਬਾਅਦ ਐੱਸ ਐੱਸ ਪੀ ਦੇ ਹੁਕਮ 'ਤੇ ਥਾਣਾ ਸਿਟੀ ਪੁਲਸ ਨੇ ਅਲਟਰਾਸਾਊਂਡ ਕਰਨ ਵਾਲੀ ਨਰਸ ਸੁਸ਼ਮਾ ਰਾਣੀ, ਗੁਰਦਰਸ਼ਨ ਸਿੰਘ ਤੇ ਸਕੈਨਿੰਗ ਕਰਾਉਣ ਆਏ ਅਣਪਛਾਤੇ ਦੋਸ਼ੀਆਂ 'ਤੇ ਮਾਮਲਾ ਦਰਜ ਕੀਤਾ ਹੈ।

ਡਾਕਟਰ ਵਿਮਲ ਗਰਗ ਨੇ ਐੱਸ ਐੱਸ ਪੀ ਨੂੰ ਸ਼ਿਕਾਇਤ ਦਿੱਤੀ ਕਿ ਉਹ ਆਪਣੀ ਪਤਨੀ ਡਾਕਟਰ ਨਿਸ਼ਾ ਗਰਗ ਦੇ ਨਾਲ 15 ਤੋਂ 23 ਸਤੰਬਰ ਤੱਕ ਯੂਰਪ ਟੂਰ 'ਤੇ ਸੀ। 16 ਸਤੰਬਰ ਨੂੰ ਨਰਸ ਸੁਸ਼ਮਾ ਨੇ ਕਿਸੇ ਦਾ ਅਲਟਰਾਸਾਊਂਡ ਕੀਤਾ। ਇਸ ਦੀ ਫਿਰੋਜ਼ਪੁਰ ਦੇ ਗੁਰਦਰਸ਼ਨ ਨੇ ਵੀਡੀਓ ਬਣਾ ਲਈ, ਜਿਸ ਦੇ ਆਧਾਰ 'ਤੇ ਉਹ ਧਮਕਾ ਕੇ ਇੱਕ ਕਰੋੜ ਰੁਪਏ ਮੰਗ ਰਿਹਾ ਸੀ। ਉਸ ਨੇ ਵਿਦੇਸ਼ ਜਾਣ ਤੋਂ ਪਹਿਲਾਂ ਵਿਭਾਗ ਨੂੰ ਸੂਚਨਾ ਦੇ ਦਿੱਤੀ ਸੀ। ਮਰੀਜ਼ ਦੀ ਸਕੈਨਿੰਗ ਦਾ ਮਾਮਲਾ ਜਾਂਚ ਦਾ ਵਿਸ਼ਾ ਹੋਣ ਦੇ ਕਾਰਨ ਉਹ ਇਸ ਤੋਂ ਵੱਧ ਕੁਝ ਨਹੀਂ ਦੱਸ ਸਕਣਗੇ।



## ਗਲਤ ਸਜ਼ਾ ਦੇਣ ਉੱਤੇ ਸੁਪਰੀਮ ਕੋਰਟ ਹੋਈ ਨਾਰਾਜ਼

ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਇਸ ਗੱਲ ਉੱਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ ਕਿ ਹੇਠਲੀਆਂ ਅਦਾਲਤਾਂ ਵੱਲੋਂ ਘੱਟ ਜਾਂ ਗਲਤ ਸਜ਼ਾ ਦੇਣ ਦੇ ਕਾਰਨ ਉਸ ਦੇ ਸਾਹਮਣੇ ਜ਼ਿਆਦਾ ਕੇਸ ਆ ਰਹੇ ਹਨ। ਅਜਿਹਾ ਉਦੋਂ ਹੋ ਰਿਹਾ ਹੈ ਜਦੋਂ ਹੇਠਲੀਆਂ ਅਦਾਲਤਾਂ ਤੋਂ ਸਜ਼ਾ ਤੈਅ ਕਰਨ ਸਮੇਂ ਸਾਰੇ ਪਹਿਲੂਆਂ ਦਾ ਧਿਆਨ ਰੱਖਣ ਲਈ ਵਾਰ-ਵਾਰ ਖਬਰਦਾਰ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਸਜ਼ਾ ਤੈਅ ਕਰਨ ਦੀ ਪ੍ਰਕਿਰਿਆ ਨੂੰ ਹਲਕੇ 'ਚ ਨਹੀਂ ਲੈਣਾ ਚਾਹੀਦਾ, ਕਿਉਂਕਿ ਅਪਰਾਧਕ ਨਿਆ ਪ੍ਰਣਾਲੀ ਦੇ ਇਸ ਹਿੱਸੇ ਦਾ ਸਮਾਜ 'ਤੇ ਠੋਸ ਅਸਰ ਪੈਂਦਾ ਹੈ।

ਮੱਧ ਪ੍ਰਦੇਸ਼ ਸਰਕਾਰ ਦੀ ਅਪੀਲ ਉੱਤੇ ਜਸਟਿਸ ਐਨ ਵੀ ਰਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਇਹ ਟਿੱਪਣੀ ਕੀਤੀ ਹੈ। ਰਾਜ ਸਰਕਾਰ ਨੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ ਇਹ ਅਪੀਲ ਕੀਤੀ ਹੈ। ਹਾਈ ਕੋਰਟ ਨੇ ਚਾਰ ਲੋਕਾਂ ਨੂੰ ਹੇਠਲੀ ਅਦਾਲਤ ਵੱਲੋਂ ਸੁਣਾਈ ਤਿੰਨ-ਤਿੰਨ ਸਾਲ ਦੀ ਸਜ਼ਾ ਨੂੰ ਘੱਟ ਕਰ ਕੇ ਉਨ੍ਹਾਂ ਵੱਲੋਂ ਜੇਲ੍ਹ 'ਚ ਬਿਤਾਏ ਗਏ ਦਿਨਾਂ ਦੇ ਬਰਾਬਰ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਕਿਹਾ, ''ਸਾਡਾ ਮੰਨਣਾ ਹੈ ਕਿ ਬਹੁਤੇ ਮਾਮਲੇ ਉਹ ਆ ਰਹੇ ਹਨ, ਜਿਨ੍ਹਾਂ ਵਿੱਚ ਹੇਠਲੀ ਅਦਾਲਤ ਵੱਲੋਂ ਘੱਟ ਜਾਂ ਗਲਤ ਸਜ਼ਾ ਸੁਣਾਈ ਗਈ ਹੁੰਦੀ ਹੈ।''

ਹਾਈ ਕੋਰਟ ਦੇ ਫੈਸਲੇ 'ਚ ਸੁਧਾਰ ਕਰਦੇ ਹੋਏ ਸੁਪਰੀਮ ਕੋਰਟ ਨੇ ਤਿੰਨ ਲੋਕਾਂ ਨੂੰ ਤਿੰਨ-ਤਿੰਨ ਮਹੀਨੇ ਦੀ ਕੈਦ ਤੇ ਇੱਕ-ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਅਤੇ ਚੌਥੇ ਨੂੰ ਉਸਦੇ 80 ਸਾਲ ਦੀ ਉਮਰ ਨੂੰ ਦੇਖ ਕੇ ਦੋ ਮਹੀਨੇ ਕੈਦ ਅਤੇ 65 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਹੈ। ਇਨ੍ਹਾਂ ਚਾਰਾਂ 'ਤੇ 15 ਅਪ੍ਰੈਲ 2008 ਨੂੰ ਸ਼ਿਕਾਇਤ ਕਰਤਾ ਨੂੰ ਉਸ ਦੇ ਘਰ 'ਚ ਫੜ ਕੇ ਕੁੱਟਣ ਦਾ ਦੋਸ਼ ਸੀ, ਕਿਉਂਕਿ ਉਸ ਨੇ ਆਪਣੀ ਗਾਂ ਨੂੰ ਬੰਨ੍ਹ ਕੇ ਨਹੀਂ ਰੱਖਿਆ ਸੀ। ਇਸ ਬਾਰੇ ਸ਼ਿਕਾਇਤ ਕਰਤਾ ਨੇ ਇਹ ਵੀ ਕਿਹਾ ਸੀ ਕਿ ਦੋਸ਼ੀਆਂ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਜੇ ਉਹ ਆਪਣੀ ਗਾਂ ਨੂੰ ਬੰਨ੍ਹ ਕੇ ਨਹੀਂ ਰੱਖਦਾ ਤਾਂ ਉਹ ਉਸ ਦੀ ਹੱਤਿਆ ਕਰ ਦੇਣਗੇ।

## ਜਸਟਿਸ ਸ਼ਰਦ ਅਰਵਿੰਦ ਬੋਬੜੇ ਸੁਪਰੀਮ ਕੋਰਟ ਦੇ ਨਵੇਂ ਮੁੱਖ ਜੱਜ ਹੋਣਗੇ



ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਜਸਟਿਸ ਸ਼ਰਦ ਅਰਵਿੰਦ ਬੋਬੜੇ ਭਾਰਤ ਦੇ 47ਵੇਂ ਮੁੱਖ ਜੱਜ ਹੋਣਗੇ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਉਨ੍ਹਾਂ ਦੇ ਨਾਂਅ ਉੱਤੇ ਮੋਹਰ ਲਾ ਦਿੱਤੀ ਹੈ। 18 ਨਵੰਬਰ ਨੂੰ ਉਹ ਸੁਪਰੀਮ ਕੋਰਟ ਦੇ ਚੀਫ ਜਸਟਿਸ ਵਜੋਂ ਸਹੁੰ ਚੁੱਕਣਗੇ ਅਤੇ ਉਨ੍ਹਾਂ ਦਾ ਕਾਰਜਕਾਲ 23 ਅਪ੍ਰੈਲ 2021 ਤੱਕ ਰਹੇਗਾ।

ਜਸਟਿਸ ਬੋਬੜੇ ਕਈ ਮਹੱਤਵ ਪੂਰਨ ਬੈਂਚਾਂ ਵਿੱਚ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਅਯੁੱਧਿਆ ਕੇਸ ਨਾਲ ਸੰਬੰਧਤ ਹੈ। ਉਹ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਦੇ ਸੁਧਾਰ ਮਾਮਲੇ ਵਿੱਚ ਵੀ ਬੈਂਚ ਦੀ ਅਗਵਾਈ ਕਰ ਰਹੇ ਹਨ। ਸਾਲ 2018 ਵਿੱਚ ਉਨ੍ਹਾਂ ਨੇ ਕਰਨਾਟਕ ਦੇ ਸਿਆਸੀ ਵਿਵਾਦ ਸੰਬੰਧੀ ਕਾਂਗਰਸ ਅਤੇ ਜੇ ਡੀ ਐੱਸ ਦੀ ਪਟੀਸ਼ਨ 'ਤੇ ਸੁਣਵਾਈ ਕੀਤੀ ਸੀ, ਜਿਸ ਪਿੱਛੋਂ ਉਥੇ ਦੁਬਾਰਾ ਸਰਕਾਰ ਬਣਾਈ ਗਈ ਸੀ। ਜਸਟਿਸ ਬੋਬੜੇ ਸੀਕਰੇਸੀ ਦੇ ਅਧਿਕਾਰ ਲਈ ਬਣਾਏ ਗਏ ਸੰਵਿਧਾਨਕ ਬੈਂਚ ਵਿੱਚ ਵੀ ਸ਼ਾਮਲ ਰਹੇ ਅਤੇ ਆਧਾਰ ਕਾਰਡ ਦੇ ਉਸ ਬੈਂਚ ਵਿੱਚ ਵੀ ਸ਼ਾਮਲ ਸਨ, ਜਿਸ ਨੇ ਕਿਹਾ ਸੀ ਕਿ ਜਿਹੜੇ ਲੋਕਾਂ ਕੋਲ ਆਧਾਰ ਨਹੀਂ, ਉਨ੍ਹਾਂ ਨੂੰ ਸਹੂਲਤਾਂ ਤੋਂ ਵਾਂਝੇ ਨਹੀਂ ਰੱਖਿਆ ਜਾਵੇਗਾ।

ਸ਼ਰਦ ਅਰਵਿੰਦ ਬੋਬੜੇ ਸਾਲ 1978 ਵਿੱਚ ਨਾਗਪੁਰ ਯੂਨੀਵਰਸਿਟੀ ਤੋਂ ਐੱਲ ਐੱਲ ਬੀ ਦੀ ਡਿਗਰੀ ਕਰਨ ਤੋਂ ਬਾਅਦ ਬਾਰ ਕੌਂਸਲ ਆਫ ਮਹਾਰਾਸ਼ਟਰ ਵਿੱਚ ਰਜਿਸਟਰ ਹੋਏ ਸਨ। ਉਨ੍ਹਾਂ 21 ਸਾਲ ਬੰਬ ਹਾਈ ਕੋਰਟ ਦੀ ਨਾਗਪੁਰ ਬੈਂਚ ਵਿੱਚ ਪ੍ਰੈਕਟਿਸ ਕੀਤੀ ਅਤੇ ਉਨ੍ਹਾਂ ਨੂੰ 1998 ਵਿੱਚ ਸੀਨੀਅਰ ਵਕੀਲ ਨਾਮਜ਼ਦ ਕੀਤਾ ਗਿਆ ਅਤੇ ਫਿਰ ਮਾਰਚ 2000 ਵਿੱਚ ਬੰਬੇ ਹਾਈ ਕੋਰਟ ਦੇ ਐਡੀਸ਼ਨਲ ਜੱਜ ਬਣਾਇਆ ਗਿਆ ਸੀ। ਅਪ੍ਰੈਲ 2013 ਵਿੱਚ ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਜੱਜ ਚੁਣਿਆ ਗਿਆ ਅਤੇ ਉਹ ਚੀਫ ਜਸਟਿਸ ਬਣਨ ਦੇ ਬਾਅਦ 23 ਅਪ੍ਰੈਲ 2021 ਨੂੰ ਸੇਵਾਮੁਕਤ ਹੋਣਗੇ। ਇਸ ਵੇਲੇ ਉਹ ਦੇਸ਼ ਦੇ ਦੂਜੇ ਸਭ ਤੋਂ ਸੀਨੀਅਰ ਜੱਜ ਹਨ ਅਤੇ ਨਾਲ ਹੀ ਉਹ ਮੁੰਬਈ ਅਤੇ ਨਾਗਪੁਰ ਦੋਵਾਂ ਕੈਂਪਸਾਂ ਵਿੱਚ ਮਹਾਰਾਸ਼ਟਰ ਨੈਸ਼ਨਲ ਲਾਅ ਯੂਨੀਵਰਸਿਟੀ ਦੇ ਚਾਂਸਲਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ।

## ਸ਼ਰਦ ਪਵਾਰ ਉੱਤੇ ਈ ਡੀ ਕੇਸ ਅਤੇ ਜੰਮੂ ਕਸ਼ਮੀਰ ਵਿਚਲੀ 370 ਧਾਰਾ ਦਾ ਭਾਜਪਾ ਨੂੰ ਲਾਭ ਨਹੀਂ ਮਿਲਿਆ




ਮੁੰਬਈ, 30 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ 'ਚ ਭਾਜਪਾ ਨੂੰ ਉਸ ਦੀ ਆਸ ਮੁਤਾਬਕ ਸਫਲਤਾ ਨਾ ਮਿਲਣ ਬਾਰੇ ਪਾਰਟੀ ਆਗੂਆਂ ਨੇ ਅੰਦਰੂਨੀ ਸਰਵੇਖਣ ਕਰਵਾਇਆ ਤਾਂ ਇਹ ਗੱਲ ਉਭਰ ਕੇ ਆਈ ਹੈ ਕਿ ਕਸ਼ਮੀਰ 'ਚੋਂ ਧਾਰਾ 370 ਹਟਾਉਣ ਦਾ ਭਾਜਪਾ ਨੂੰ ਕੋਈ ਲਾਭ ਨਹੀਂ ਹੋਇਆ। ਪਾਰਟੀ ਨੇ ਇਹ ਅੰਦਾਜ਼ਾ ਵੀ ਲਾਇਆ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਸ਼ਰਦ ਪਵਾਰ ਦੇ ਖਿਲਾਫ ਕੇਸ ਦਰਜ ਕਰਨ ਅਤੇ ਉਨ੍ਹਾਂ ਨੂੰ ਈ ਡੀ ਦਫਤਰ ਤਲਬ ਕੀਤੇ ਜਾਣ ਨਾਲ ਵੀ ਭਾਜਪਾ ਨੂੰ ਨੁਕਸਾਨ ਹੀ ਝੱਲਣਾ ਪਿਆ ਹੈ।

ਭਾਜਪਾ ਆਗੂ ਇਹ ਮੰਨਦੇ ਹਨ ਕਿ ਪਹਿਲਾਂ ਪਾਰਟੀ ਅੰਦਰ ਰਾਏ ਸੀ ਕਿ ਕਸ਼ਮੀਰ ਤੋਂ ਧਾਰਾ 370 ਹਟਾਉਣ ਦੇ ਫੈਸਲੇ ਦਾ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਫਾਇਦਾ ਮਿਲੇਗਾ। ਬਾਅਦ ਵਿੱਚ ਪਾਰਟੀ ਸੋਚਦੀ ਹੈ ਕਿ ਇਸ ਮੁੱਦੇ ਦਾ ਭਾਜਪਾ ਨੂੰ ਚੋਣਾਂ 'ਚ ਕੋਈ ਫਾਇਦਾ ਨਹੀਂ ਹੋਇਆ। ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਵੀ ਆਪਣੀ ਸਥਿਤੀ ਮਜ਼ਬੂਤ ਕਰਨ 'ਚ ਕਾਮਯਾਬ ਰਹੀ ਹੈ।

ਸਮਝਿਆ ਜਾਂਦਾ ਹੈ ਕਿ ਈ ਡੀ ਵੱਲੋਂ ਸ਼ਰਦ ਪਵਾਰ ਦੇ ਖਿਲਾਫ ਜਾਂਚ ਸ਼ੁਰੂ ਕਰਨ ਨਾਲ ਐੱਨ ਸੀ ਪੀ ਨੂੰ ਉਲਟਾ ਹਮਦਰਦੀ ਮਿਲੀ ਹੈ। ਮਰਾਠਾ ਬਰਾਦਰੀ ਨੇ ਪਵਾਰ ਦੇ ਖਿਲਾਫ ਕੇਸ ਬਣਾਉਣ ਨੂੰ ਪਸੰਦ ਨਹੀਂ ਕੀਤਾ ਹੈ ਅਤੇ ਭਾਜਪਾ ਦੀ ਸਥਿਤੀ ਪੱਛਮੀ ਮਹਾਰਾਸ਼ਟਰ 'ਚ ਚੰਗੀ ਨਹੀਂ ਰਹੀ। ਇਸੇ ਤਰ੍ਹਾਂ ਐੱਨ ਸੀ ਪੀ ਛੱਡ ਕੇ ਭਾਜਪਾ ਵਿੱਚ ਗਏ ਆਗੂ ਉਦਯਨ ਭੌਂਸਲੇ ਦੀ ਹਾਰ ਨਾਲ ਵੀ ਭਾਜਪਾ ਵਿੱਚ ਖਲਬਲੀ ਮੱਚੀ ਹੋਈ ਹੈ। ਭਾਜਪਾ ਨੂੰ ਪੱਛਮੀ ਮਹਾਰਾਸ਼ਟਰ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਦੇ ਬਾਅਦ ਰਾਜ ਸਰਕਾਰ ਵੱਲੋਂ ਰਾਹਤ ਦੇ ਯੋਗ ਪ੍ਰਬੰਧ ਨਾ ਕਰਨ ਦਾ ਵੀ ਨੁਕਸਾਨ ਝੱਲਣਾ ਪਿਆ ਹੈ।

ਦੂਸਰੇ ਪਾਸੇ ਭਾਜਪਾ ਆਗੂ ਇਹ ਮੰਨਦੇ ਹਨ ਕਿ ਸ਼ਿਵ ਸੈਨਾ ਨਾਲ ਗਠਜੋੜ ਕਰਨ ਦਾ ਵੀ ਉਸ ਨੂੰ ਖਾਸ ਫਾਇਦਾ ਨਹੀਂ ਹੋਇਆ, ਕਿਉਂਕਿ ਸ਼ਿਵ ਸੈਨਾ ਨਾਲ ਜੁੜੇ ਉਸ ਦੇ ਸਮਰਥਕਾਂ ਅਤੇ ਵੋਟਰਾਂ ਨੇ ਭਾਜਪਾ ਨੂੰ ਵੋਟਾਂ ਨਹੀਂ ਪਾਈਆਂ ਅਤੇ ਕੋਹਲਾਪੁਰ ਵਰਗੇ ਹਲਕਿਆਂ ਵਿੱਚ ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਮਾਂਡਲੀ ਨੇ ਭਾਜਪਾ ਦਾ ਖੁੱਲ੍ਹਾ ਵਿਰੋਧ ਕੀਤਾ ਹੈ। ਭਾਜਪਾ ਆਗੂ ਕਹਿੰਦੇ ਹਨ ਕਿ ਜੇ ਸ਼ਿਵ ਸੈਨਾ ਨਾਲ ਜੁੜੇ ਵੋਟ ਪਾਰਟੀ ਨੂੰ ਨਹੀਂ ਪੈਂਦੇ ਤਾਂ ਉਸ ਸਥਿਤੀ 'ਚ ਸ਼ਿਵ ਸੈਨਾ ਨਾਲ ਗਠਜੋੜ ਰੱਖਣ ਦਾ ਪਾਰਟੀ ਨੂੰ ਕੀ ਲਾਭ ਹੈ।

## ਦਿੱਲੀ ਵਿੱਚ ਔਰਤਾਂ ਲਈ ਮੁਫਤ ਬੱਸ ਸਫਰ ਦੀ ਸਹੂਲਤ ਸ਼ੁਰੂ



ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਕੌਮੀ ਰਾਜਧਾਨੀ ਦਿੱਲੀ ਵਿੱਚ ਸਰਕਾਰੀ ਅਤੇ ਕਲੱਸਟਰ ਯੋਜਨਾ ਹੇਠ ਚੱਲਦੀਆਂ ਬੱਸਾਂ ਵਿੱਚ ਕੱਲ੍ਹ ਔਰਤਾਂ ਲਈ ਮੁਫਤ ਬੱਸ ਸਫਰ ਦੀ ਸਹੂਲਤ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਬੱਸਾਂ 'ਤੇ ਸਫਰ ਕਰਨ ਵਾਲੀਆਂ ਔਰਤਾਂ ਨੂੰ ਗੁਲਾਬੀ ਕਾਰਡ ਦਿੱਤੇ ਗਏ ਹਨ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਯੋਜਨਾ ਨਾਲ ਜਿੱਥੇ ਔਰਤਾਂ ਨੂੰ ਸਸ਼ਕਤ ਬਣਾਉਣ ਵਿੱਚ ਮਦਦ ਮਿਲੇਗੀ, ਉਥੇ ਔਰਤਾਂ ਨਾਲ ਹੁੰਦੇ ਲਿੰਗ ਅਧਾਰਿਤ ਵਿਤਕਰੇ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ 'ਏਕੇ ਐਪ' ਰਾਹੀਂ ਇਸ ਯੋਜਨਾ ਨੂੰ 'ਭਾਈ ਦੂਜ' ਦੇ ਤਿਓਹਾਰ ਮੌਕੇ ਔਰਤਾਂ ਲਈ ਤੋਹਫਾ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਕਾਰਨ ਵਿਦਿਆਰਥਣਾਂ ਨੂੰ ਆਪਣੀ ਪੜ੍ਹਾਈ ਵਿਚਾਲੇ ਨਹੀਂ ਛੱਡਣੀ ਪਵੇਗੀ ਅਤੇ ਉਹ ਬੱਸਾਂ ਰਾਹੀਂ ਸਫਰ ਕਰਕੇ ਦੂਰ ਦਰਾਜ ਦੇ ਸਕੂਲਾਂ/ ਕਾਲਜਾਂ 'ਚ ਸਕਣਗੀਆਂ। ਉਨ੍ਹਾਂ ਕਿਹਾ ਕਿ ਦਫਤਰਾਂ ਦੀਆਂ ਕੰਮ ਕਾਜੀ ਔਰਤਾਂ ਨੂੰ ਸਫਰ ਬਾਰੇ ਚਿੰਤਤ ਹੋਣ ਦੀ ਲੋੜ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਬਜ਼ੁਰਗਾਂ ਅਤੇ ਵਿਦਿਆਰਥੀਆਂ ਲਈ ਵੀ ਮੁਫਤ ਬੱਸ ਸ਼ੁਰੂ ਕੀਤੀ ਜਾਵੇਗੀ। ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਔਰਤਾਂ ਲਈ ਮੁਫਤ ਯਾਤਰਾ ਕੱਲ੍ਹ ਤੋਂ ਦਿੱਲੀ ਦੀਆਂ ਬੱਸਾਂ ਵਿੱਚ ਸ਼ੁਰੂ ਹੋ ਗਈ ਹੈ। ਦਿੱਲੀ ਕਲੱ-ਸਟਰ ਸਕੀਮ ਹੇਠ ਲਗੱਭਗ 3700 ਡੀ ਟੀ ਸੀ ਬੱਸਾਂ ਅਤੇ 1800 ਹੋਰ ਬੱਸਾਂ ਹਨ।

## ਕਸ਼ਮੀਰੀ ਅੱਤਵਾਦੀਆਂ ਵੱਲੋਂ ਪੱਛਮੀ ਬੰਗਾਲ ਦੇ ਪੰਜ ਮਜ਼ਦੂਰਾਂ ਦੀ ਹੱਤਿਆ



ਸ੍ਰੀਨਗਰ, 30 ਅਕਤੂਬਰ (ਪੋਸਟ ਬਿਊਰੋ)- ਦੱਖਣੀ ਕਸ਼ਮੀਰ ਦੇ ਕੁਲ-ਗਾਮ ਜ਼ਿਲ੍ਹੇ 'ਚ ਅੱਤਵਾਦੀਆਂ ਨੇ ਪੱਛਮੀ ਬੰਗਾਲ ਨਾਲ ਸਬੰਧਿਤ ਪੰਜ ਮਜ਼ਦੂਰਾਂ ਦੀ ਹੱਤਿਆ ਕਰ ਦਿੱਤੀ ਅਤੇ ਇੱਕ ਹੋਰ ਮਜ਼ਦੂਰ ਬੁਰੀ ਤਰ੍ਹਾਂ ਜ਼ਖਮੀ ਕਰ ਦਿਤਾ ਹੈ। ਪੁਲਸ ਨੇ ਦੱਸਿਆ ਕਿ ਇਹ ਸਾਰੇ ਮਜ਼ਦੂਰ ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਦੇ ਸਨ।

ਵਰਨਣ ਯੋਗ ਹੈ ਕਿ ਇਹ ਵਾਰਦਾਤ ਉਸ ਸਮੇਂ ਕੀਤੀ ਗਈ, ਜਦੋਂ ਯੂਰਪੀ ਯੂਨੀਅਨ ਦੇ ਪਾਰਲੀਮੈਂਟ ਮੈਂਬਰਾਂ ਦਾ ਵਫਦ ਕਸ਼ਮੀਰ ਦੇ ਦੌਰੇ ਉਤੇ ਸੀ ਅਤੇ ਉਨ੍ਹਾਂ ਵੱਲੋਂ ਲੋਕਾਂ ਨਾਲ ਗੱਲਬਾਤ ਕਰਕੇ ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਬਾਰੇ ਵਿਚਾਰ ਲਏ ਜਾ ਰਹੇ ਹਨ। ਜਦੋਂ ਤੋਂ ਕਸ਼ਮੀਰ ਵਾਦੀ ਵਿੱਚੋਂ ਧਾਰਾ 370 ਹਟਾਈ ਗਈ ਹੈ, ਉਦੋਂ ਤੋਂ ਅੱਤਵਾਦੀਆਂ ਵੱਲੋਂ ਜੰਮੂ-ਕਸ਼ਮੀਰ 'ਚ ਬਾਹਰੋਂ ਆਉਣ ਵਾਲੇ ਟਰੱਕ ਡਰਾਈਵਰਾਂ ਤੇ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਬੀਤੇ ਦਿਨੀ ਨੂੰ ਊਧਮਪੁਰ ਜ਼ਿਲ੍ਹੇ ਦੇ ਇੱਕ ਟਰੱਕ ਡਰਾਈਵਰ ਦੀ ਅਨੰਤਨਾਗ ਜ਼ਿਲ੍ਹੇ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਬੀਤੀ ਪੰਜ ਅਗਸਤ ਤੋਂ ਬਾਅਦ ਇਹ ਚੌਥਾ ਟਰੱਕ ਡਰਾਈਵਰ ਸੀ, ਜਿਸ ਦੀ ਇਸ ਤਰ੍ਹਾਂ ਹੱਤਿਆ ਕੀਤੀ ਗਈ। ਇਸ ਤੋਂ ਪਹਿਲਾਂ ਬੀਤੀ 24 ਅਕਤੂਬਰ ਨੂੰ ਅੱਤਵਾਦੀਆਂ ਨੇ ਸ਼ੋਪੀਆਂ 'ਚ ਦੋ ਟਰੱਕ ਡਰਾਈਵਰਾਂ ਦੀ ਹੱਤਿਆ ਕਰ ਦਿੱਤੀ ਅਤੇ 14 ਅਕਤੂਬਰ ਨੂੰ ਵੀ ਦੋ ਅੱਤਵਾਦੀਆਂ, ਜਿਨ੍ਹਾਂ ਵਿੱਚੋਂ ਇੱਕ ਸ਼ੱਕੀ ਪਾਕਿਸਤਾਨੀ ਸੀ, ਨੇ ਰਾਜਸਥਾਨ ਦੇ ਇੱਕ ਟਰੱਕ ਡਰਾਈਵਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਤੋਂ ਦੋ ਦਿਨ ਬਾਅਦ ਸ਼ੋਪੀਆਂ ਜ਼ਿਲ੍ਹੇ 'ਚ ਪੰਜਾਬ ਦੇ ਇੱਕ ਸੇਬਾਂ ਦੇ ਵਪਾਰੀ ਚਰਨਜੀਤ ਸਿੰਘ ਦੀ ਅੱਤਵਾਦੀਆਂ ਵੱਲੋਂ ਹੱਤਿਆ ਕਰ ਦਿੱਤੀ ਗਈ ਅਤੇ ਸੰਜੀਵ ਨਾਂਅ ਦੇ ਇੱਕ ਵਿਅਕਤੀ ਨੂੰ ਜ਼ਖਮੀ ਕਰ ਦਿੱਤਾ ਗਿਆ ਸੀ। ਇਸੇ ਦਿਨ ਪੁਲਵਾਮਾ ਜ਼ਿਲ੍ਹੇ 'ਚ ਛੱਤੀਸਗੜ੍ਹ ਦੇ ਇੱਕ ਭੱਠਾ ਮਜ਼ਦੂਰ ਦੀ ਅੱਤਵਾਦੀਆਂ ਵੱਲੋਂ ਹੱਤਿਆ ਕਰ ਦਿੱਤੀ ਗਈ ਸੀ।

## 19 ਸਾਲਾ ਕੁੜੀ ਨੇ ਮਾਂ ਨੂੰ ਮਾਰ ਕੇ ਲਾਸ਼ ਰੇਲਵੇ ਟਰੈਕ ਉੱਤੇ ਸੁੱਟੀ

ਹੈਦਰਾਬਾਦ, 30 ਅਕਤੂਬਰ (ਪੋਸਟ ਬਿਊਰੋ)- ਸਥਾਨਕ ਦੁਆਰਕਾ ਕਲੋਨੀ ਵਿੱਚ ਇੱਕ 19 ਸਾਲਾ ਕੁੜੀ ਨੇ ਆਪਣੀ ਮਾਂ ਦੀ ਹੱਤਿਆ ਕਰ ਕੇ ਲਾਸ਼ ਰੇਲਵੇ ਟਰੈਕ 'ਤੇ ਇਸ ਲਈ ਸੁੱਟ ਦਿੱਤੀ ਕਿ ਉਹ ਉਸ ਦੇ ਕਈ ਮੁੰਡਿਆਂ ਨਾਲ ਸੰਬੰਧ ਰੱਖਣ 'ਤੇ ਇਤਰਾਜ਼ ਕਰਦੀ ਸੀ। ਪੁਲਸ ਨੇ ਕੁੜੀ ਅਤੇ ਉਸ ਦੇ ਦੋ ਦੋਸਤਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਬਾਰੇ ਪੁਲਸ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਕੁੜੀ ਕੀਰਤੀ ਅਤੇ ਉਸ ਦਾ ਇੱਕ ਪ੍ਰੇਮੀ ਕਤਲ ਤੋਂ ਦੋ ਦਿਨ ਬਾਅਦ ਤੱਕ ਮਾਂ ਦੀ ਲਾਸ਼ ਕੋਲ ਰਹੇ। ਦੋਵਾਂ ਨੇ ਇਸ ਦੌਰਾਨ ਆਪਸ ਵਿੱਚ ਸਰੀਰਕ ਸੰਬੰਧ ਵੀ ਬਣਾਏ। ਕੀਰਤੀ ਇਥੋਂ ਦੇ ਇੱਕ ਕਾਲਜ ਦੀ ਦੂਜੇ ਸਾਲ ਦੀ ਵਿਦਿਆਰਥਣ ਹੈ। ਮ੍ਰਿਤਕ ਮਾਂ ਦੀ ਪਛਾਣ 38 ਸਾਲਾ ਰਣਜੀਤਾ ਵਜੋਂ ਹੋਈ ਹੈ। ਕੀਰਤੀ ਨੇ ਪੁਲਸ ਨੂੰ ਝੂਠੀ ਰਿਪੋਰਟ ਲਿਖਵਾਈ ਕਿ ਉਸ ਦੇ ਪਿਤਾ ਨੇ ਮਾਂ ਦੀ ਹੱਤਿਆ ਕੀਤੀ ਹੈ।

## ਡੀ ਐੱਚ ਐੱਫ ਐੱਲ ਵਿੱਚ ਬੇਨਿਯਮੀਆਂ ਦੀ ਜਾਂਚ ਐਸ ਐਫ ਆਈ ਓ ਕਰੇਗੀ




ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਦੀਵਾਨ ਹਾਊਸਿੰਗ ਫਾਇਨਾਂਸ ਕਾਰਪੋਰੇਸ਼ਨ (ਡੀ ਐਚ ਐਫ ਐਲ) ਵਿੱਚ ਵਿੱਤੀ ਬੇਨਿਯਮੀਆਂ ਦੀ ਜਾਂਚ ਧੋਖਾਦੇਹੀ ਜਾਂਚ ਦਫਤਰ (ਐਸ ਐਫ ਆਈ ਓ) ਨੂੰ ਸੌਂਪੀ ਜਾ ਸਕਦੀ ਹੈ। ਜਾਣਕਾਰ ਸੂਤਰਾਂ ਅਨੁਸਾਰ ਇਸ ਕੰਪਨੀ ਵਿੱਚ ਵਿੱਤੀ ਬੇਨਿਯਮੀਆਂ ਦੀ ਗੱਲ ਇਸ ਕੰਪਨੀ ਦੀ ਇੱਕ ਰਿਪੋਰਟ ਤੋਂ ਸਾਹਮਣੇ ਆਈ ਹੈ। ਇਸ ਰਿਪੋਰਟ ਅਨੁਸਾਰ ਡੀ ਐਚ ਐਫ ਐਲ ਵਿੱਚ ਪੈਸੇ ਦੀ ਹੇਰਾਫੇਰੀ ਤੇ ਘਪਲਾ ਕਰਨ ਦੇ ਸੰਕੇਤ ਮਿਲੇ ਹਨ। ਇੱਕ ਅਧਿਕਾਰੀ ਨੇ ਇਸ ਬਾਰੇ ਦੱਸਿਆ ਕਿ ਕੰਪਨੀ ਰਜਿਸਟਰਾਰ, ਮੁੰਬਈ ਆਫਿਸ ਨੇ ਡੀ ਐਚ ਐਫ ਐਲ ਦੇ ਬਾਰੇ ਕਾਰਪੋਰੇਟ ਮਾਮਲਿਆਂ ਨਾਲ ਜੁੜੇ ਮੰਤਰਾਲੇ ਨੂੰ ਰਿਪੋਰਟ ਸੌਂਪੀ ਹੈ। ਇਸ ਅਧਿਕਾਰੀ ਨੇ ਕਿਹਾ ਕਿ ਸਰਕਾਰ ਵੱਲੋਂ ਇਹ ਮਾਮਲਾ ਐਸ ਐੱਫ ਆਈ ਓ ਨੂੰ ਸੌਂਪਣ ਦੇ ਪਿੱਛੇ ਕਈ ਕਾਰਨ ਹਨ। ਇਹ ਗੱਲ ਸਾਹਮਣੇ ਆਈ ਸੀ ਕਿ ਡੀ ਐਚ ਐਫ ਐਲ ਨੇ ਮੁਖੌਟਾ ਕੰਪਨੀਆਂ ਰਾਹੀਂ 97 ਹਜ਼ਾਰ ਕਰੋੜ ਰੁਪਏ ਦੇ ਬੈਂਕ ਕਰਜ਼ੇ ਵਿੱਚੋਂ ਕਰੀਬ 31 ਹਜ਼ਾਰ ਕਰੋੜ ਰੁਪਏ ਦਾ ਘਪਲਾ ਕੀਤਾ ਹੈ। ਇਸ ਤੋਂ ਬਾਅਦ ਇਸ ਕੇਸ ਨੂੰ ਕੰਪਨੀ ਰਜਿਸਟਰਾਰ ਮੁੰਬਈ ਨੇ ਨੋਟਿਸ ਵਿੱਚ ਲਿਆ ਅਤੇ ਜਾਂਚ ਹੋਈ ਤਾਂ ਇਹ ਪਤਾ ਲੱਗਾ ਕਿ ਕਈ ਮਖੌਟਾ ਕੰਪਨੀਆਂ ਦੇ ਆਫਿਸ ਦੱਸੇ ਗਏ ਪਤੇ 'ਤੇ ਮੌਜੂਦ ਹੀ ਨਹੀਂ ਹਨ।

ਕੇ ਪੀ ਐਮ ਜੀ ਦੇ ਫੈਰੋਂਸਿਕ ਆਡਿਟ ਵਿੱਚ ਡੀ ਐਚ ਐਫ ਐਲ ਦੇ ਪ੍ਰਮੋਟਰਾਂ ਵੱਲੋਂ ਵੱਡੇ ਪੱਧਰ 'ਤੇ ਬੇਨਿਯਮੀਆਂ ਵਰਤਣ ਦਾ ਪਤਾ ਲੱਗਾ ਹੈ। ਕਾਰਪੋਰੇਟ ਮਾਮਲਿਆਂ ਦਾ ਮੰਤਰਾਲਾ ਕੰਪਨੀ ਕਾਨੂੰਨ ਤਹਿਤ ਬੇਨਿਯਮੀਆਂ ਵਰਤਣ ਵਾਲੀਆਂ ਕੰਪਨੀਆਂ 'ਤੇ ਕਾਰਵਾਈ ਕਰ ਸਕਦਾ ਹੈ। ਇਹ ਨਹੀਂ, ਮੰਤਰਾਲਾ ਕੰਪਨੀ ਦੇ ਅਕਾਊਂਟਸ ਦੀ ਜਾਂਚ ਵੀ ਕਰ ਸਕਦਾ ਹੈ। ਵਰਨਣ ਯੋਗ ਹੈ ਕਿ ਕੰਪਨੀ ਨੇ ਆਪਣੇ ਕਰਜ਼ਾ ਦਾਤਾਵਾਂ ਤੋਂ 15 ਹਜ਼ਾਰ ਕਰੋੜ ਰੁਪਏ ਦੀ ਮੰਗ ਕੀਤੀ ਸੀ, ਜਿਸ ਨਾਲ ਕੰਮ ਜਾਰੀ ਰੱਖਿਆ ਜਾ ਸਕੇ, ਪਰ ਅੱਜ ਕੱਲ੍ਹ ਕੰਪਨੀ ਨੂੰ ਨਿਪਟਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਵਿੱਚ ਕਰਜ਼ੇ ਨੂੰ ਇਕਵਿਟੀ ਵਿੱਚ ਬਦਲ ਕੇ ਕੰਪਨੀ ਦੀ 51 ਫੀਸਦੀ ਹਿੱਸੇਦਾਰੀ ਪ੍ਰਾਪਤ ਕਰਨਾ ਸ਼ਾਮਲ ਹੈ।


## ਨੌਣੀ ਯੂਨੀਵਰਸਿਟੀ ਨੇ ਪਿਆਜ਼ ਦੀ ਨਵੀਂ ਕਿਸਮ ਵਿਕਸਿਤ ਕੀਤੀ

ਸ਼ਿਮਲਾ, 30 ਅਕਤੂਬਰ (ਪੋਸਟ ਬਿਊਰੋ)- ਪਿਆਜ਼ ਦੀਆਂ ਆਸਮਾਨ ਛੂੰਹਦੀ ਕੀਮਤਾਂ ਨਾਲ ਵਪਾਰੀਆਂ ਨੂੰ ਕੁਝ ਰਾਹਤ ਮਿਲੇਗੀ। ਹਿਮਾਚਲ ਪ੍ਰਦੇਸ਼ ਦੇ ਸੋਲਨ ਜਿਲ੍ਹੇ ਵਿੱਚ ਨੌਣੀ ਵਿਚਲੀ ਡਾ. ਯਸ਼ਵੰਤ ਸਿੰਘ ਪਰਮਾਰ ਯੂਨੀਵਰਸਿਟੀ ਨੇ ਪਿਆਜ਼ ਦੀ ਇੱਕ ਕਿਸਮ ਵਿਕਸਿਤ ਕੀਤੀ ਹੈ, ਜਿਹੜੀ ਖਰੀਫ ਮੌਸਮ ਵਿੱਚ ਬੀਜੀ ਜਾ ਸਕੇਗੀ।

ਭਾਰਤ ਦੇ ਉਤਰੀ ਖੇਤਰਾਂ ਨੂੰ ਪਿਆਜ਼ ਦੇ ਲਈ ਬਹੁਤਾ ਕਰ ਕੇ ਮਹਾਰਾਸ਼ਟਰ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਹਿਮਾਚਲ ਪ੍ਰਦੇਸ਼ ਅਤੇ ਇਸ ਦੇ ਗੁਆਂਢੀ ਰਾਜਾਂ ਵਿੱਚ ਪਿਆਜ਼ ਦੀ ਹਾਲੇ ਤੱਕ ਕੇਵਲ ਇੱਕੋ ਫਸਲ ਬੀਜੀ ਜਾਂਦੀ ਹੈ ਜਦਕਿ ਮਹਾਰਾਸ਼ਟਰ ਵਿੱਚ ਇਸ ਦੀਆਂ ਤਿੰਨ ਫਸਲਾਂ ਹੁੰਦੀਆਂ ਹਨ, ਜਿਸ ਕਾਰਨ ਉਤਰ ਪ੍ਰਦੇਸ਼ ਖੇਤਰ ਵਿੱਚ ਪਿਆਜ਼ ਦੀ ਮੰਗ ਪੂਰੀ ਕਰਨ ਲਈ ਬਾਹਰੀ ਰਾਜਾਂ ਉੱਤੇ ਨਿਰਭਰ ਕਰਨਾ ਪੈਂਦਾ ਹੈ। ਖਰੀਫ ਪਿਆਜ਼ ਵਰਗੀ ਨਵੀਂ ਕਿਸਮ ਨਾ ਕੇਵਲ ਆਮ ਜਨਤਾ ਨੂੰ ਮਹਿੰਗਾਈ ਦੇ ਡੰਗ ਤੋਂ ਬਚਾ ਸਕਦੀ ਹੈ, ਸਗੋਂ ਕਿਸਾਨਾਂ ਦੀ ਆਮਦਨੀ ਵਧਣ ਦਾ ਵੀ ਬਦਲ ਹੋ ਸਕਦਾ ਹੈ, ਜੇ ਕਿਸਾਨ ਇਸ ਦੀ ਖੇਤੀ ਦੀ ਤਕਨੀਕ ਹਾਸਲ ਕਰ ਵਿਗਿਆਨਿਕ ਵਿਧੀ ਅਪਣਾਉਣ।

ਯੂਨੀਵਰਸਿਟੀ ਦੇ ਸਬਜ਼ੀ ਵਿ-ਗਿਆਨਿਕ ਡਾ. ਦੀਪ ਸ਼ਰਮਾ ਦਾ ਕਹਿਣਾ ਹੈ ਕਿ ਖਰੀਫ ਪਿਆਜ਼ ਦੀ ਲੋਕਪ੍ਰਿਅਤਾ ਅਤੇ ਜਾਗਰੂਕਤਾ ਵਧਾਉਣ ਲਈ ਕੇਂਦਰ ਦੇ ਵਿਗਿਆਨ ਵਿਭਾਗ ਵੱਲੋਂ ਪ੍ਰਵਾਨ 20.43 ਲੱਖ ਰੁਪਏ ਦੀ ਯੋਜਨਾ ਉੱਤੇ ਕੰਮ ਚੱਲ ਰਿਹਾ ਹੈ। ਇਹ ਯੋਜਨ ਇਸ ਵਕਤ ਵਿੱਚ ਚੰਬਾ ਜਿਲ੍ਹੇ ਦੇ ਕਈ ਸਥਾਨਾਂ 'ਤੇ ਚਲਾਈ ਜਾ ਰਹੀ ਹੈ ਅਤੇ ਇਸ ਵਿੱਚ ਯੂਨੀਵਰਸਿਟੀ ਦੇ ਵਿਗਿਆਨਿਕ ਡਾ. ਰਾਜੀਵ ਰੈਨਾ ਅਤੇ ਡਾ. ਸੰਜੀਵ ਬਨਿਆਲ ਕੰਮ ਕਰ ਰਹੇ ਹਨ।

## ਇੰਡੀਗੋ ਨੇ 300 ਜਹਾਜ਼ਾਂ ਦਾ ਆਰਡਰ ਦਿੱਤਾ




ਮੁੰਬਈ, 30 ਅਕਤੂਬਰ (ਪੋਸਟ ਬਿਊਰੋ)- ਏਅਰਕਰਾਫਟ ਮੈਨੂਫੈਕਚਰਰ ਏਅਰਬਸ ਤੋਂ 320 ਨਿਓ ਸੀਰੀਜ਼ ਦੇ 300 ਜਹਾਜ਼ ਖਰੀਦਣ ਲਈ ਭਾਰਤ ਦੀ ਪ੍ਰਾਈਵੇਟ ਹਵਾਬਾਜ਼ੀ ਕੰਪਨੀ ਇੰਡੀਗੋ ਨੇ ਫੈਸਲਾ ਕੀਤਾ ਹੈ। ਇਸ ਦਾ ਐਲਾਨ ਕਰਦੇ ਹੋਏ ਕੱਲ੍ਹ ਇੰਡੀਗੋ ਨੇ ਕਿਹਾ ਕਿ ਕਿਸੇ ਵੀ ਹਵਾਬਾਜ਼ੀ ਕੰਪਨੀ ਵੱਲੋਂ ਏਅਰਬਸ ਨੂੰ ਦਿੱਤਾ ਇਹ ਸਭ ਤੋਂ ਵੱਡਾ ਆਰਡਰ ਹੈ। ਇਸ ਦੇ ਨਾਲ ਇੰਡੀਗੋ ਆਪਣੇ ਬੇੜੇ ਵਿੱਚ ਏ-320 ਅਤੇ 321 ਨਿਓ ਜਹਾਜ਼ਾਂ ਦੇ ਇਲਾਵਾ ਲੰਬੀ ਦੂਰੀ ਦੇ ਏ-321 ਐਕਸ ਐਲ ਆਰ ਜਹਾਜ਼ ਸ਼ਾਮਲ ਕਰੇਗੀ। ਉਂਜ ਦੋਵਾਂ ਕੰਪਨੀਆਂ ਨੇ ਸੌਦੇ ਦੀ ਕੀਮਤ ਜ਼ਾਹਰ ਨਹੀਂ ਕੀਤੀ। ਏਅਰਬੱਸ ਨੇ ਪਿਛਲੇ ਸਾਲ ਏ-320 ਨਿਓ ਸੀਰੀਜ਼ ਦੇ ਜਹਾਜ਼ਾਂ ਦੀ ਜੋ ਕੀਮਤ ਜਾਰੀ ਕੀਤੀ ਸੀ, ਉਸ ਦੇ ਹਿਸਾਬ ਨਾਲ ਇਹ ਸੌਦਾ 33 ਅਰਬ ਡਾਲਰ (2.3 ਲੱਖ ਕਰੋੜ ਰੁਪਏ ਤੋਂ ਵੱਧ) ਦਾ ਹੋਵੇਗਾ।

ਇੰਡੀਗੋ ਦੇ ਸੀ ਈ ਓ ਰੋਨੋਜੁਆਇ ਦੱਤਾ ਨੇ ਕਿਹਾ ਕਿ ਸਾਡੇ ਲਈ ਇਹ ਇੱਕ ਮਹੱਤਵ ਪੂਰਨ ਪੜਾਅ ਹੈ। ਭਾਰਤ ਦਾ ਏਵੀਏਸ਼ਨ ਸੈਕਟਰ ਵਿਕਾਸ ਦੀ ਰਾਹ ਉੱਤੇ ਹੈ। ਕੰਪਨੀ ਕਾਰੋਬਾਰ ਵਧਾਉਣਾ ਚਾਹੁੰਦੀ ਹੈ, ਜਿਸ ਹੇਠ ਲੰਬੀ ਦੂਰੀ ਦੇ ਜਹਾਜ਼ਾਂ ਨੂੰ ਸ਼ਾਮਲ ਕਰਨ ਦਾ ਫੈਸਲਾ ਹੋਇਆ ਹੈ। ਇਸ ਦੌਰਾਨ ਡੀ ਜੀ ਸੀ ਏ ਨੇ ਇੱਕ ਹੋਰ ਪ੍ਰਮੁੱਖ ਹਵਾਬਾਜ਼ੀ ਕੰਪਨੀ ਗੋਏਅਰ ਨੂੰ ਕਿਹਾ ਹੈ ਕਿ ਉਹ 3000 ਘੰਟੇ ਤੋਂ ਵੱਧ ਉਡ ਚੁੱਕੇ ਪੀ ਐਂਡ ਡਬਲਯੂ ਇੰਜਣ ਵਾਲੇ ਜਹਾਜ਼ਾਂ ਦੇ ਇੰਜਣ 15 ਦਿਨਾਂ ਦੇ ਅੰਦਰ ਬਦਲ ਲਵੇ। ਜੇ ਕੰਪਨੀ ਨੇ ਅਜਿਹਾ ਨਹੀਂ ਕੀਤਾ ਤਾਂ ਉਸ ਨੂੰ ਜਹਾਜ਼ਾਂ ਦੀ ਉਡਾਣ ਰੋਕਣੀ ਹੋਵੇਗੀ।

## ਨਵਾਂ ਬਣਾਇਆ ਦ ਫਾਇਰ ਵਾਰੀਅਰ ਰੋਬੋਟ ਅੱਗ ਤੋਂ ਬਚਾਏਗਾ



ਮੰਡੀ, 30 ਅਕਤੂਬਰ (ਪੋਸਟ ਬਿਊਰੋ)- ਬਹੁ ਮੰਜ਼ਿਲਾ ਇਮਾਰਤਾਂ ਵਿੱਚ ਅੱਗ 'ਤੇ ਕਾਬੂ ਪਾਉਣਾ ਅੱਗੇ ਲਈ ਆਸਾਨ ਹੋ ਜਾਵੇਗਾ। ਭਾਰਤੀ ਤਕਨੀਕੀ ਸੰਸਥਾ (ਆਈ ਆਈ ਟੀ) ਮੰਡੀ (ਹਿਮਾਚਲ ਪ੍ਰਦੇਸ਼) ਦੇ ਵਿਦਿਆਰਥੀਆਂ ਨੇ 'ਦ ਫਾਇਰ ਵਾਰੀਅਰ' ਨਾਂਅ ਦਾ ਫਾਇਰ ਫਾਈਟਿੰਗ ਰੋਬੋਟ ਤਿਆਰ ਕੀਤਾ ਹੈ, ਜਿਹੜਾ ਅੱਗ ਬੁਝਾਉਣ ਅਤੇ ਇਮ-ਾਰਤ ਵਿੱਚ ਫਸੇ ਲੋਕਾਂ ਨੂੰ ਤਲਾਸ਼ ਕਰਨ ਵਿੱਚ ਮਦਦ ਕਰੇਗਾ। ਇਸ ਨਾਲ ਸਮਾਂ ਰਹਿੰਦੇ ਅੱਗ 'ਤੇ ਕਾਬੂ ਪਾਉਣਾ ਸੰਭਵ ਹੋਵੇਗਾ, ਨਾਲ ਹੀ ਜਾਨ-ਮਾਲ ਦਾ ਨੁਕਸਾਨ ਹੋਣ ਤੋਂ ਰੋਕਿਆ ਜਾ ਸਕੇਗਾ।


ਫਾਇਰ ਬ੍ਰਿਗੇਡ ਕਰਮਚਾਰੀ ਇਸ ਕਾਰਗਰ ਚੀਜ਼ ਦੀ ਮੰਗ ਲੰਬੇ ਸਮੇਂ ਤੋਂ ਕਰ ਰਹੇ ਹਨ। ਵਿਦੇਸ਼ ਵਿੱਚ ਇਹ ਢੰਗ ਅਮਲ ਵਿੱਚ ਆ ਚੁੱਕੇ ਹਨ, ਪ੍ਰੰਤੂ ਭਾਰਤ ਵਿੱਚ ਫਾਇਰ ਬ੍ਰਿਗੇਡ ਅਤੇ ਬਚਾਅ ਕੰਮਾਂ ਵਿੱਚ ਹਾਲੇ ਤੱਕ ਵੀ ਪੁਰਾਣੇ ਤੌਰ ਤਰੀਕਿਆਂ ਨੂੰ ਵਰਤਿਆ ਜਾ ਰਿਹਾ ਹੈ। ਅੱਗ ਦੀਆਂ ਘਟਨਾਵਾਂ ਨਾਲ ਦੇਸ਼ ਵਿੱਚ ਹਰ ਸਾਲ ਜਾਨ-ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ ਅਤੇ ਅੱਗ ਬੁਝਾਉਂਦੇ ਸਮੇਂ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੂੰ ਵੀ ਜਾਨ ਤੋਂ ਹੱਥ ਧੋਣਾ ਪੈਂਦਾ ਹੈ। ਇਹ ਰੋਬੋਟ ਇਨ੍ਹਾਂ ਸਮੱਸਿਆਵਾ ਤੋਂ ਛੁਟਕਾਰਾ ਦਿਵਾ ਸਕਦਾ ਹੈ। ਫਾਇਰ ਬ੍ਰਿਗੇਡ ਮੁਲਾਜ਼ਮਾਂ ਦੀ ਰਾਏ ਹੈ ਕਿ ਏਦਾਂ ਦੇ ਤਕਨੀਕੀ ਪ੍ਰਬੰਧਾਂ ਨੂੰ ਜਲਦੀ ਅਮਲ ਵਿੱਚ ਲਿਆਉਣ ਦੀ ਜ਼ਰੂਰਤ ਹੈ। ਆਈ ਆਈ ਟੀ ਦੇ ਵਿਦਿਆਰਥੀਆਂ ਨੇ ਦੱਸਿਆ ਕਿ ਇਹ ਰੋਬੋਟ ਮੌਕੇ 'ਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਦੀ ਜਗ੍ਹਾ ਵੀ ਕੰਮ ਕਰਨ ਵਿੱਚ ਯੋਗ ਹੋਵੇਗਾ। ਫਾਇਰ ਬ੍ਰਿਗੇਡ ਮੁਲਾਜ਼ਮ ਵੀ ਘਟਨਾ ਵਾਲੀ ਥਾਂ ਦੇ ਬਾਹਰੋਂ ਇਸ ਨੂੰ ਆਸਾਨੀ ਨਾਲ ਚਲਾ ਸਕੇਗਾ। ਰੋਬੋਟ ਉਚ ਸਮਰੱਥਾ ਦੇ ਕੈਮਰੇ ਅਤੇ ਜੀ ਪੀ ਐੱਸ ਨਾਲ ਲੈਸ ਹੋਵੇਗਾ, ਜਿਸ ਨਾਲ ਅੱਗ ਪ੍ਰਭਾਵਤ ਖੇਤਰ ਵਿੱਚ ਫਸੇ ਲੋਕਾਂ ਨੂੰ ਆਸਾਨੀ ਨਾਲ ਲੱਭਿਆ ਜਾ ਸਕੇਗਾ।

ਇਸ ਦੇ ਇਲਾਵਾ ਇਸ ਸੰਸਥਾ ਦੇ ਐੱਮ ਟੈੱਕ ਦੇ ਤਿੰਨ ਵਿਦਿਆਰਥੀਆਂ ਨੇ ਜੀ ਐੱਸ ਐੱਮ ਆਧਾਰਤ ਫਾਇਰ ਸੇਫਟੀ ਅਲਰਟ ਸਿਸਟਮ ਤਿਆਰ ਕੀਤਾ ਹੈ, ਜਿਹੜਾ ਬਿਜਲੀ, ਅੱਗ ਅਤੇ ਗੈਸ ਤੋਂ ਇਮਾਰਤਾਂ ਨੂੰ ਬਚਾਏਗਾ। ਇਸ ਨੂੰ ਟੈੱਕ ਫੈਸਟ ਦਾ ਪਹਿਲਾ ਇਨਾਮ ਮਿਲਿਆ ਹੈ। ਆਈ ਆਈ ਟੀ ਮੰਡੀ ਦੇ ਡਾਇਰੈਕਟਰ ਪ੍ਰੋਫੈਸਰ ਟਿਮੋਥੀ ਏ ਗੋਂਜ਼ਾਲਵਿਸ ਨੇ ਦੱਸਿਆ ਕਿ ਅੱਗ ਤੋਂ ਜਾਨ-ਮਾਲ ਦਾ ਨੁਕਸਾਨ ਘੱਟ ਕਰਨ ਤੇ ਸੰਭਾਵਿਤ ਖਤਰੇ ਦਾ ਅਲਰਟ ਦੇਣ ਲਈ ਆਈ ਆਈ ਟੀ ਦੇ ਵਿਦਿਆਰਥੀਆਂ ਨੇ ਦ ਫਾਇਰ ਵਾਰੀਅਰ ਨਾਂਅ ਦਾ ਰੋਬੋਟ ਅਤੇ ਅਲਰਟ ਸਿਸਟਮ ਤਿਆਰ ਕੀਤਾ ਹੈ।

## ਰੈੱਡ ਮੀਟ ਛੱਡ ਦਿਓ, ਸਿਹਤ ਦੇ ਨਾਲ ਧਰਤੀ ਵੀ ਬਚੀ ਰਹੇਗੀ

ਨਵੀਂ ਦਿੱਲੀ, 30 ਅਕਤੂਬਰ (ਪੋਸਟ ਬਿਊਰੋ)- ਇੱਕ ਖੋਜ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸਹੀ ਡਾਈਟ ਲੈਣ ਨਾਲ ਸਿਰਫ ਸਾਡੀ ਸਿਹਤ ਹੀ ਠੀਕ ਨਹੀਂ ਰਹਿੰਦੀ, ਧਰਤੀ ਵੀ ਬਚੀ ਰਹਿੰਦੀ ਹੈ। ਕੁਝ ਲੋਕ ਇਸ ਗੱਲ ਤੋਂ ਹੈਰਾਨ ਹੋ ਸਕਦੇ ਹਨ ਕਿ ਸਾਡੀ ਖੁਰਾਕ ਨਾਲ ਧਰਤੀ ਦੀ ਸਿਹਤ ਕਿਵੇਂ ਬਣੇਗੀ। ਅਸਲ ਵਿੱਚ ਸਬਜ਼ੀਆਂ, ਫਲ, ਨਟਸ, ਸਾਬਤ ਅਨਾਜ, ਆਲਿਵ ਆਇਲ ਅਤੇ ਮੱਛੀ ਵਰਗੀ ਖੁਰਾਕ ਆਪਣੀ ਡੇਲੀ ਡਾਈਟ 'ਚ ਸ਼ਾਮਲ ਕਰਨ ਨਾਲ ਸਿਹਤ ਤਾਂ ਬਣੀ ਰਹਿੰਦੀ ਹੈ, ਨਾਲ ਕਈ ਬਿਮਾਰੀਆਂ ਤੋਂ ਬਚਾਅ ਦੇ ਨਾਲ ਮੌਤ ਦਾ ਖਤਰਾ ਵੀ ਘੱਟ ਹੁੰਦਾ ਹੈ। ਇਹ ਇਸ ਲਈ ਹੁੰਦਾ ਹੈ ਕਿ ਇਨ੍ਹਾਂ ਨੂੰ ਖਾਣ ਨਾਲ ਵਾਤਾਵਰਣ ਨੂੰ ਖਾਸ ਨੁਕਸਾਨ ਨਹੀਂ ਹੁੰਦਾ। ਉਥੇ ਰੈੱਡ ਮੀਟ ਵਰਗੀਆਂ ਚੀਜ਼ਾਂ ਦੀ ਸੇਵਨ ਨਾ ਸਿਰਫ ਮਨੁੱਖੀ ਜ਼ਿੰਦਗੀ ਲਈ ਖਤਰਾ ਬਣਦਾ ਹੈ ਸਗੋਂ ਵਾਤਾਵਰਣ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਯੂਨੀਵਰਸਿਟੀ ਆਫ ਮਿਨੇਸੋਟਾ ਦੇ ਇਨਾਕਾਲੋਜੀ ਦੇ ਹੈਡ ਡੇਵਿਡ ਡਿਲਮਨ ਮੁਤਾਬਕ ਅਸੀਂ ਆਪਣੀ ਖੋਜ ਵਿੱਚ 15 ਤਰ੍ਹਾਂ ਦੇ ਉਨ੍ਹਾਂ ਖਾਣ ਵਾਲੇ ਪਦਾਰਥਾਂ ਨੂੰ ਸ਼ਾਮਲ ਕੀਤਾ, ਜੋ ਮਨੁੱਖੀ ਸਿਹਤ ਲਈ ਬਹੁਤ ਉਪਯੋਗੀ ਹਨ। ਇਨ੍ਹਾਂ 'ਤੇ ਖੋਜ ਕਰਦੇ ਸਮੇਂ ਅਸੀਂ ਇਸ ਗੱਲ 'ਤੇ ਫੋਕਸ ਕੀਤਾ ਕਿ ਕਿਸ ਗਰੁੱਪ ਦਾ ਫੂਡ ਓਵਰ ਆਲ ਡੈੱਥ ਰਿਸਕ ਨੂੰ ਪ੍ਰਭਾਵਤ ਕਰਦਾ ਹੈ। ਨਾਲ ਇਸ ਵਿੱਚ ਹਾਰਟ ਡਿਜ਼ੀਜ਼, ਕੋਲੋਨ ਕੈਂਸਰ, ਡਾਇਬਟਜ਼ੀ ਅਤੇ ਸਟਰੋਕ ਵਰਗੀਆਂ ਬਿਮਾਰੀਆਂ ਦੇ ਡਿਵੈਲਪਮੈਂਟ 'ਤੇ ਵੀ ਨਜ਼ਰ ਰੱਖੀ ਗਈ।

## ਭਾਰਤੀ ਮੂਲ ਦੇ ਅਮਰੀਕੀ ਐੱਮ ਪੀ ਖੰਨਾ ਵੱਲੋਂ ਕੱਟੜ ਹਿੰਦੂਵਾਦ ਦੀ ਸੋਚ ਰੱਦ



ਕੈਲੀਫੋਰਨੀਆ, 30 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਕਾਂਗਰਸ ਦੇ ਮੈਂਬਰ ਆਰ ਓ ਖੰਨਾ ਨੇ ਕੱਟੜਵਾਦੀ ਹਿੰਦੂ ਵਿਚਾਰਧਾਰਾ ਨੂੰ ਰੱਦ ਕੀਤਾ ਹੈ। ਇਸ ਪ੍ਰਤੀ ਖੰਨਾ ਦਾ ਧੰਨਵਾਦ ਕਰਨ ਲਈ ਰਸ਼ੀਦ ਅਹਿਮਦ, ਅਜੀਤ ਸਾਹੀ ਇੰਡੀਅਨ ਅਮੈਰੀਕਨ ਮੁਸਲਿਮ ਕੌਂਸਲ ਤੇ ਹਿੰਦਸ ਹਿਊਮਨ ਰਾਈਟਸ ਦੇ ਸੁਨੀਤਾ ਵਿਸ਼ਵਾਨਾਥ 'ਤੇ ਅਧਾਰਿਤ ਇੱਕ ਵਫਦ ਨੇ ਖੰਨਾ ਨਾਲ ਉਨ੍ਹਾਂ ਦੇ ਵਾਸ਼ਿੰਗਟਨ ਡੀ ਸੀ ਵਾਲੇ ਦਫਤਰ ਵਿੱਚ ਮੁਲਾਕਾਤ ਕੀਤੀ ਅਤੇ ਖੰਨਾ ਦੇ ਅਨੇਕਤਾ ਅਤੇ ਸਭ ਲਈ ਨਿਆਂ ਪ੍ਰਤੀ ਪ੍ਰਗਟਾਈ ਵਚਨਬੱਧਤਾ ਨਾਲ ਇੱਕਜੁੱਟਤਾ ਪ੍ਰਗਟਾਈ ਹੈ।

ਵਰਨਣ ਯੋਗ ਹੈ ਕਿ ਆਰ ਓ ਖੰਨਾ ਨੇ ਇੱਕ ਟਵੀਟ ਵਿੱਚ ਕਿਹਾ ਹੈ ਕਿ ਹਿੰਦੂ ਵਿਚਾਰਧਾਰਾ ਦਾ ਵਿਸ਼ਵਾਸ ਰੱਖਦਾ ਹਰ ਅਮਰੀਕੀ ਰਾਜਸੀ ਆਗੂ ਅਨੇਕਤਾ ਦੇ ਹੱਕ ਵਿੱਚ ਖੜਾ ਹੋਵੇ, ਹਿੰਦੂਤਵ ਨੂੰ ਰੱਦ ਕਰੇ ਤੇ ਹਿੰਦੂ, ਮੁਸਲਮਾਨਾਂ, ਸਿੱਖਾਂ, ਬੋਧੀਆਂ ਤੇ ਇਸਾਈਆਂ ਦੇ ਬਰਾਬਰ ਅਧਿਕਾਰਾਂ ਦੀ ਗੱਲ ਕਰੇ। ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਅਨੁਸਾਰ ਹਿੰਦੂਤਵ ਵਿਚਾਰਧਾਰਾ ਵਿੱਚ ਗੈਰ ਹਿੰਦੂਆਂ ਨੂੰ ਵਿਦੇਸ਼ੀ ਨਾਗਰਿਕ ਵਜੋਂ ਵੇਖਿਆ ਜਾਂਦਾ ਹੈ ਅਤੇ ਭਾਰਤ ਵਿੱਚ ਹਾਕਮ ਧਿਰ ਭਾਰਤੀ ਜਨਤਾ ਪਾਰਟੀ ਇਸੇ ਵਿਚਾਰਧਾਰਾ ਤੋਂ ਅਗਵਾਈ ਲੈ ਰਹੀ ਹੈ। ਅਟਾਰਨੀ ਅਮਰ ਸ਼ੇਰਗਿੱਲ ਤੇ ਹੋਰ ਕਈ ਆਗੂ ਭਾਰਤੀ ਜਨਤਾ ਪਾਰਟੀ ਤੇ ਇਸ ਦੇ ਸਮਰਥਕ ਕੱਟੜ ਹਿੰਦੂਵਾਦੀ ਸੰਗਠਨ ਆਰ ਐਸ ਐਸ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਵਿਰੋਧ ਕਰ ਚੁੱਕੇ ਹਨ, ਜਿਨ੍ਹਾਂ ਦਾ ਇੱਕੋ ਮਕਸਦ ਹਿੰਦੂ ਵਿਚਾਰਧਾਰਾ ਲਾਗੂ ਕਰਨਾ ਹੈ, ਜਦ ਕਿ ਭਾਰਤ ਵਿੱਚ ਮੁਸਲਮਾਨ, ਸਿੱਖਾਂ ਤੇ ਈਸਾਈਅ ਸਮੇਤ ਕਈ ਧਰਮਾਂ ਦੇ ਲੋਕ ਹਨ। ਭਾਰਤੀ ਮੂਲ ਦੇ ਕਾਂਗਰਸ ਮੈਂਬਰ ਰੋ ਖੰਨਾ ਵੱਲੋਂ ਕੱਟੜ ਹਿੰਦੂਵਾਦੀ ਸੋਚ ਨੂੰ ਰੱਦ ਕਰਨ 'ਤੇ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਭਰਪੂਰ ਸਵਾਗਤ ਕੀਤਾ ਹੈ।

## ਕਰਬਲਾ ਵਿੱਚ ਪ੍ਰਦਰਸ਼ਨਕਾਰੀਆਂ ਉਤੇ ਚਲਾਈਆਂ ਗੋਲੀਆਂ ਨਾਲ 18 ਦੀ ਮੌਤ



ਬਗਦਾਦ, 30 ਅਕਤੂਬਰ (ਪੋਸਟ ਬਿਊਰੋ)- ਇਰਾਕ ਦੇ ਪਵਿੱਤਰ ਸ਼ਹਿਰ ਕਰਬਲਾ ਵਿੱਚ ਕੱਲ੍ਹ ਮਾਸਕ ਅਤੇ ਕਾਲੇ ਕੱਪੜੇ ਪਹਿਨੇ ਸੁਰੱਖਿਆ ਬਲਾਂ ਨੇ ਪ੍ਰਦਰਸ਼ਨਕਾਰੀਆਂ 'ਤੇ ਤਾਬੜਤੋੜ ਗੋਲੀਆਂ ਚਲਾਈਆਂ। ਸਿਹਤ ਅਤੇ ਸੁਰੱਖਿਆ ਵਿਭਾਗ ਨਾਲ ਜੁੜੇ ਸੂਤਰਾਂ ਦੇ ਅਨੁਸਾਰ ਇਸ ਘਟਨਾ ਵਿੱਚ 18 ਲੋਕਾਂ ਦੀ ਮੌਤ ਹੋ ਗਈ ਅਤੇ ਅੱਠ ਸੌ ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਸਰਕਾਰ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ।

ਅਧਿਕਾਰਕ ਸੂਤਰਾਂ ਮੁਤਾਬਕ ਸਰਕਾਰ ਦੇ ਖਿਲਾਫ ਦੁਬਾਰਾ ਸ਼ੁਰੂ ਹੋਏ ਪ੍ਰਦਰਸ਼ਨਾਂ ਦੇ ਪੰਜਵੇਂ ਦਿਨ ਕਰਬਲਾ ਵਿੱਚ ਵੱਡੀ ਹਿੰਸਾ ਹੋ ਗਈ। ਇਹ ਹਮਲਾ ਇਮਾਮ ਹੁਸੈਨ ਦੇ ਮਕਬਰੇ ਤੋਂ ਕਰੀਬ ਦੋ ਕਿਲੋਮੀਟਰ ਦੂਰ ਉਸ ਜਗ੍ਹਾ ਹੋਇਆ ਜਿੱਥੇ ਪ੍ਰਦਰਸ਼ਨਕਾਰੀ ਟੈਂਟ ਲਾ ਕੇ ਬੈਠੇ ਸਨ। ਮੌਕੇ ਦੇ ਗਵਾਹਾਂ ਨੇ ਦੱਸਿਆ ਕਿ ਮਾਸਕ ਲਾਈ ਤੇ ਕਾਲੇ ਕੱਪੜੇ ਪਹਿਨੇ ਲੋਕ ਆਏ ਤੇ ਗੋਲੀਬਾਰੀ ਕਰਨ ਲੱਗੇ। ਇਸ ਦੌਰਾਨ ਪ੍ਰਦਰਸ਼ਨ ਦੇ ਦੂਸਰੇ ਦੌਰ ਵਿੱਚ ਕੱਲ੍ਹ ਤੱਕ 72 ਲੋਕ ਮਾਰੇ ਜਾ ਚੁੱਕੇ ਸਨ। ਪਹਿਲੇ ਦੌਰ ਵਿੱਚ ਵੀ 149 ਲੋਕ ਮਾਰੇ ਗਏ ਸਨ। ਕਰਬਲਾ ਦੇ ਪੁਲਸ ਮੁਖੀ ਨੇ ਪ੍ਰਦਰਸ਼ਨਕਾਰੀਆਂ ਦੇ ਮਾਰੇ ਜਾਣ ਤੋਂ ਇਨਕਾਰ ਕੀਤਾ ਹੈ। ਸਿਹਤ ਵਿਭਾਗ ਨੇ 122 ਲੋਕਾਂ ਦੇ ਜ਼ਖਮੀ ਹੋਣ ਦੀ ਗੱਲ ਕਹੀ ਹੈ, ਜਿਨ੍ਹਾਂ ਵਿੱਚ 66 ਸੁਰੱਖਿਆ ਮੁਲਾਜ਼ਮ ਹਨ। ਇਰਾਕ ਵਿੱਚ ਲੋਕ ਭ੍ਰਿਸ਼ਟਾਚਾਰ, ਖਰਾਬ ਆਰਥਿਕ ਸਥਿਤੀ, ਬੇਰੋਜ਼ਗਾਰੀ ਅਤੇ ਖਸਤਾਹਾਲ ਜਨਤਕ ਸਹੂਲਤਾਂ ਆਦਿ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਹਨ। ਪ੍ਰਦਰਸ਼ਨਕਾਰੀ ਸਰਕਾਰ ਵਿੱਚ ਬਦਲਾਅ ਦੀ ਮੰਗ ਕਰ ਰਹੇ ਹਨ। ਪ੍ਰਧਾਨ ਮੰਤਰੀ ਅਦੇਲ ਅਬਦੁਲ ਮਹਦੀ ਨੇ ਮੰਤਰੀ ਮੰਡਲ ਵਿੱਚ ਬਦਲਾਅ ਅਤੇ ਸੁਧਾਰ ਪੈਕੇਜ ਦਾ ਐਲਾਨ ਕੀਤਾ ਹੈ।

## ਪਾਕਿ ਅਦਾਲਤ ਨੇ ਇਲੈਕਟ੍ਰੋਨਿਕ ਮੀਡੀਆ ਰੈਗੂਲੇਟਰੀ ਲਈ ਨਵੇਂ ਆਦੇਸ਼ ਦਿੱਤੇ




ਇਸਲਾਮਾਬਾਦ, 30 ਅਕਤੂਬਰ (ਪੋਸਟ ਬਿਊਰੋ)- ਲਾਹੌਰ ਹਾਈ ਕੋਰਟ ਨੇ ਅੱਜ ਪਾਕਿਸਤਾਨ ਦੇ ਇਲੈਕਟ੍ਰੋਨਿਕ ਮੀਡੀਆ ਰੈਗੂਲੇਟਰ ਨੂੰ ਅਗਲੇ ਆਦੇਸ਼ਾਂ ਤੱਕ ਇਕ ਨਿਰਦੇਸ਼ ਨੂੰ ਚੁਣੌਤੀ ਦੇਣ ਵਾਲੇ ਕਰੀਬ 11 ਟੀ ਵੀ ਪੇਸ਼ਕਾਰਾਂ ਵਿਰੁੱਧ ਕੋਈ ਕਾਰਵਾਈ ਕਰਨ ਤੋਂ ਰੋਕ ਦਿੱਤਾ ਹੈ। ਇਕ ਮੀਡੀਆ ਖਬਰ ਵਿਚ ਇਹ ਜਾਣਕਾਰੀ ਦਿੱਤੀ ਗਈ।

ਅਸਲ ਵਿੱਚ ਟੀ ਵੀ ਪੇਸ਼ਕਾਰਾਂ ਨੇ ਉਸ ਨਿਰਦੇਸ਼ ਨੂੰ ਚੁਣੌਤੀ ਦਿੱਤੀ ਹੈ ਕਿ ਜਿਸ ਵਿਚ 'ਟਾਕ ਸ਼ੋਅ' ਦੌਰਾਨ ਉਨ੍ਹਾਂ ਵੱਲੋਂ ਆਪਣੀ ਰਾਏ ਰੱਖਣ ਉੱਤੇ ਰੋਕ ਲਾ ਦਿੱਤੀ ਗਈ ਹੈ। ਇਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾਬਕ 11 ਪੇਸ਼ਕਾਰਾਂ ਨੇ ਪਾਕਿਸਤਾਨ ਇਲੈਕਟ੍ਰੋਨਿਕ ਮੀਡੀਆ ਰੈਗੂਲੇਟਰੀ ਅਥਾਰਿਟੀ ਦੀ ਨੋਟੀਫਿਕੇਸ਼ਨ ਵਿਰੁੱਧ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਇਸ ਨਿਰਦੇਸ਼ ਨਾਲ ਦੇਸ਼ ਦੇ ਸੰਵਿਧਾਨ ਦੀ ਧਾਰਾ 19 ਦਾ ਉਲੰਘਣ ਕੀਤਾ ਗਿਆ ਹੈ, ਜੋ ਹਰ ਪਾਕਿਸਤਾਨੀ ਨਾਗਰਿਕ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਦਿੰਦਾ ਹੈ। ਪਟੀਸ਼ਨਰਾਂ ਨੇ ਅਦਾਲਤ ਨੂੰ ਅਥਾਰਿਟੀ ਦੇ ਇਸ ਨੋਟੀਫਿਕੇਸ਼ਨ ਉੱਤੇ ਮਾਮਲੇ ਵਿਚ ਆਖਰੀ ਫੈਸਲਾ ਆਉਣ ਤੱਕ ਰੋਕ ਲਾਉਣ ਦੀ ਮੰਗ ਕੀਤੀ ਹੈ। ਬੁੱਧਵਾਰ ਦੀ ਸੁਣਵਾਈ ਦੌਰਾਨ ਅਥਾਰਿਟੀ ਦੇ ਵਕੀਲ ਨੇ ਕਿਹਾ ਕਿ ਰੈਗੂਲੇਟਰੀ ਸੰਸਥਾ ਪਹਿਲਾਂ ਹੀ ਇਸ ਉੱਤੇ ਆਪਣਾ ਸਪੱਸ਼ਟੀਕਰਨ ਜਾਰੀ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਕੇਸ ਦੀ ਸੁਣਵਾਈ ਲਾਹੌਰ ਹਾਈ ਕੋਰਟ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀ, ਇਸ ਨੂੰ ਸਿਰਫ ਇਸਲਾਮਾਬਾਦ ਹਾਈ ਕੋਰਟ ਸੁਣ ਸਕਦੀ ਹੈ।

ਹਾਈ ਕੋਰਟ ਨੇ ਸੁਣਵਾਈ ਲਈ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਅਤੇ ਅਥਾਰਿਟੀ ਤੇ ਸੂਚਨਾ ਮੰਤਰਾਲੇ ਸਮੇਤ ਸਾਰੇ ਬਚਾਅ ਪੱਖਾਂ ਨੂੰ ਲਿਖਤੀ ਵਿਚ ਆਪਣੇ ਜਵਾਬ ਸੌਂਪਣ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਸੁਣਵਾਈ ਅਨਿਸ਼ਚਿਤ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਹੈ। ਮੀਡੀਆ ਦੇ ਨਾਲ-ਨਾਲ ਸਰਕਾਰੀ ਅਧਿਕਾਰੀਆਂ ਨੇ ਵੀ ਨੋਟੀਫਿਕੇਸ਼ਨ ਜਾਰੀ ਕਰਨ ਲਈ ਅਥਾਰਿਟੀ ਦੀ ਰੱਜਵੀਂ ਨਿੰਦਾ ਕੀਤੀ ਸੀ।

## ਨਵਾਜ਼ ਸ਼ਰੀਫ ਦੀ ਨਾਜ਼ੁਕ ਹਾਲਤ ਕਾਰਨ 8 ਹਫਤੇ ਦੀ ਛੁੱਟੀ ਮਿਲੀ

ਅੰਮ੍ਰਿਤਸਰ, 30 ਅਕਤੂਬਰ (ਪੋਸਟ ਬਿਊਰੋ)- ਇਸਲਾਮਾਬਾਦ ਹਾਈ ਕੋਰਟ ਨੇ ਅਲ-ਅਜ਼ੀਜ਼ਿਆ ਕੇਸ 'ਚ ਮੈਡੀਕਲ ਦੇ ਬਾਅਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ 8 ਹਫਤੇ ਦੀ ਜ਼ਮਾਨਤ ਦੇ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਡਾਕਟਰਾਂ ਦਾ ਕਹਿਣਾ ਹੈ ਕਿ ਸ਼ਰੀਫ ਦੀ ਹਾਲਤ ਨਾਜ਼ੁਕ ਹੈ ਤੇ ਉਨ੍ਹਾਂ ਨੇ ਸਲਾਹ ਦਿੱਤੀ ਹੈ ਕਿ ਨਵਾਜ਼ ਨੂੰ ਪਲੇਟਲੈਟ ਦੀ ਗਿਣਤੀ ਸਹੀ ਹੋਣ ਤੱਕ ਅਤੇ ਉਨ੍ਹਾਂ ਦੀ ਸਿਹਤ ਦੇ ਸੁਧਾਰ ਤੱਕ ਹਸਪਤਾਲ ਵਿੱਚ ਰੱਖਣਾ ਹੋਵੇਗਾ। ਪਿਛਲੇ ਦਿਨੀਂ ਨਵਾਜ਼ ਸ਼ਰੀਫ ਦੇ ਭਰਾ ਸ਼ਾਹਬਾਜ਼ ਸ਼ਰੀਫ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਸੀ ਕਿ ਉਨ੍ਹਾਂ ਦੇ ਭਰਾ ਦੀ ਚੰਗੀ ਤਰ੍ਹਾਂ ਦੇਖਭਾਲ ਨਹੀਂ ਕੀਤੀ ਜਾ ਰਹੀ ਤੇ ਜੇ ਨਵਾਜ਼ ਸ਼ਰੀਫ ਨੂੰ ਕੁਝ ਹੁੰਦਾ ਹੈ ਤਾਂ ਇਸ ਦੇ ਲਈ ਇਮਰਾਨ ਖਾਨ ਜ਼ਿੰਮੇਵਾਰ ਹੋਣਗੇ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੂੰ ਨਵਾਜ਼ ਸ਼ਰੀਫ ਦੀ ਸਿਹਤ ਦੀ ਗਰੰਟੀ ਲੈਣ ਲਈ ਕਿਹਾ ਸੀ, ਜਿਸ ਦੇ ਜਵਾਬ 'ਚ ਉਨ੍ਹਾਂ ਕਿਹਾ ਸੀ ਕਿ ਇਥੇ ਉਨ੍ਹਾਂ ਦੀ ਸਿਹਤ ਦੀ ਕੋਈ ਗਰੰਟੀ ਨਹੀਂ ਤਾਂ ਉਹ ਨਵਾਜ਼ ਸ਼ਰੀਫ ਦੀ ਸਿਹਤ ਦੀ ਗਰੰਟੀ ਕਿਵੇਂ ਲੈ ਸਕਦੇ ਹਨ।

ਦੂਸਰੇ ਪਾਸੇ ਨਵਾਜ਼ ਸ਼ਰੀਫ ਹਸਪਤਾਲ ਵਿੱਚ ਬੀਮਾਰੀ ਕਾਰਨ ਜ਼ਿੰਦਾ ਰਹਿਣਾ ਲਈ ਸ਼ੰਘਰਸ਼ ਕਰ ਰਹੇ ਹਨ। ਇਸ ਬਾਰੇ ਪਾਕਿਸਤਾਨੀ ਮੀਡੀਆ ਰਿਪੋਰਟਾਂ ਅਨੁਸਾਰ ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਹਾਲਤ ਲਗਾਤਾਰ ਨਾਜ਼ੁਕ ਬਣਦੀ ਜਾ ਰਹੀ ਹੈ। ਪਲੇਟਲੈਟ ਦੀ ਘੱਟ ਗਿਣਤੀ, ਘੱਟ ਬਲੱਡ ਪ੍ਰੈਸ਼ਨ ਤੇ ਘੱਟ ਸ਼ੂਗਰ ਦੇ ਕਾਰਨ ਉਨ੍ਹਾਂ ਦੀ ਕਿਡਨੀ ਵੀ ਪ੍ਰਭਾਵਿਤ ਹੋਈ ਹੈ। ਬਲੱਡ ਸ਼ੂਗਰ ਤੇ ਬਲੱਡ ਪ੍ਰੈਸ਼ਨ ਘੱਟ ਹੋਣ ਕਾਰਨ ਉਸ ਦੀ ਜਾਨ ਖਤਰੇ 'ਚ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਹਾਲਤ ਵਿਗੜਨ ਨਾਲ ਉਨ੍ਹਾਂ ਦੀਆਂ ਕਈ ਜਾਂਚਾਂ ਨਹੀਂ ਹੋ ਸਕੀਆਂ ਅਤੇ ਸਿਹਤ ਖਰਾਬ ਹੋਣ ਕਾਰਨ ਉਨ੍ਹਾਂ ਦਾ ਮੁਆਇਨਾ ਕਰਨ ਵਿੱਚ ਖਤਰਾ ਹੈ। ਬਿਮਾਰੀ ਕਾਰਨ ਨਵਾਜ਼ ਸ਼ਰੀਫ ਦਾ ਭਾਰ 107 ਕਿਲੋ ਤੋਂ ਘੱਟ ਕੇ 100 ਕਿਲੋ ਰਹਿ ਗਿਆ ਹੈ।


FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424


## ਨੌਂ ਸਾਲਾ ਬੱਚੀ ਆਪਣੀ ਸਹੇਲੀ ਦੀ ਜਾਨ ਬਚਾਉਣ ਲਈ ਮਗਰਮੱਛ ਨਾਲ ਭਿੜ ਗਈ

ਹਰਾਰੇ, 30 ਅਕਤੂਬਰ (ਪੋਸਟ ਬਿਊਰੋ)- ਜ਼ਿੰਬਾਬਵੇ ਦੀ ਇਕ ਸਕੂਲੀ ਵਿਦਿਆਰਥਣ ਨੇ ਆਪਣੀ ਸਹੇਲੀ ਨੂੰ ਮਗਰਮੱਛ ਤੋਂ ਬਚਾਉਣ ਲਈ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ ਅਤੇ ਉਹ ਉਸ ਦੀ ਪਿੱਠ ਉੱਤੇ ਚੜ੍ਹ ਗਈ। ਮਸਾਂ ਨੌਂ ਸਾਲ ਦੀ ਉਮਰ ਦੀ ਇਸ ਬੱਚੀ ਨੇ ਮਗਰਮੱਛ ਦੀਆਂ ਅੱਖਾਂ ਨੂੰ ਮਧੋਲਦੇ ਹੋਏ ਆਪਣੀ ਸਹੇਲੀ ਦੀ ਜਾਨ ਬਚਾ ਲਈ।

ਮਗਰਮੱਛ ਦੇ ਮੂੰਹ ਵਿੱਚੋਂ ਕਿਸੇ ਦੀ ਜਾਨ ਬਚਾਉਣ ਲਈ ਬਹੁਤ ਹੌਸਲੇ ਦੀ ਜ਼ਰੂਰਤ ਹੁੰਦੀ ਹੈ ਤੇ ਇਹੀ ਕਾਰਨ ਹੈ ਕਿ ਰਿਬੈਕਾ ਮੁਨਕੋਂਬਵੇ ਦੀ ਹਰ ਥਾਂ ਤਾਰੀਫ਼ ਹੋ ਰਹੀ ਹੈ। ਮਿਲੀ ਖ਼ਬਰ ਅਨੁਸਾਰ 9 ਸਾਲ ਦੀ ਲਾਟੋਇਆ ਮੁਵਾਨੀ ਆਪਣੇ ਦੋਸਤਾਂ ਨਾਲ ਸਿੰਡ੍ਰੇਲਾ ਪਿੰਡ ਵਿੱਚ ਤੈਰਾਕੀ ਕਰ ਰਹੀ ਸੀ ਕਿ ਅਚਾਨਕ ਵੱਡੇ ਮਗਰਮੱਛ ਨੇ ਉਸ ਉੱਤੇ ਹਮਲਾ ਕਰ ਦਿੱਤਾ ਤੇ ਉਹ ਲਾਟੋਇਆ ਨੂੰ ਦੂਰ ਖਿੱਚ ਕੇ ਲੈ ਜਾਣਾ ਚਾਹੁੰਦਾ ਸੀ। ਲਾਟੋਇਆ ਦੀਆਂ ਚੀਕਾਂ ਸੁਣਨ ਤੋਂ ਬਾਅਦ ਉਸ ਦੀ ਸਹੇਲੀ ਰਿਬੈਕਾ ਮਗਰਮੱਛ ਦੀ ਪਿੱਠ ਉੱਤੇ ਚੜ੍ਹ ਗਈ। ਉਸ ਨੇ ਦੱਸਿਆ ਕਿ ਤੈਰਾਕੀ ਕਰਦੇ ਬੱਚਿਆਂ ਵਿੱਚ ਉਹ ਸਭ ਤੋਂ ਵੱਡੀ ਸੀ। ਇਸ ਲਈ ਉਸ ਨੇ ਲਾਟੋਇਆ ਨੂੰ ਬਚਾਉਣ ਦਾ ਫ਼ੈਸਲਾ ਕੀਤਾ। ਮਗਰਮੱਛ ਨੇ ਲਾਟੋਇਆ ਨੂੰ ਹੱਥ ਅਤੇ ਪੈਰ ਤੋਂ ਫੜ੍ਹ ਲਿਆ ਸੀ। ਇਹ ਦੇਖ ਕੇ ਰਿਬੈਕਾ ਉਸ ਦੀ ਪਿੱਠ ਉੱਤੇ ਚੜ੍ਹ ਗਈ ਅਤੇ ਜਦੋਂ ਤਕ ਮਗਰਮੱਛ ਦੀ ਪਕੜ ਲਾਟੋਇਆ ਉੱਤੇ ਢਿੱਲੀ ਨਹੀਂ ਹੋਈ, ਉਦੋਂ ਤਕ ਰਿਬੈਕਾ ਉਸ ਦੀਆਂ ਅੱਖਾਂ ਉੱਤੇ ਹਮਲਾ ਕਰਦੀ ਰਹੀ। ਜਦੋਂ ਲਾਟੋਇਆ ਉਸ ਦੀ ਪਕੜ ਤੋਂ ਛੁੱਟੀ ਤਾਂ ਰਿਬੈਕਾ ਉਸ ਨੂੰ ਤੇਜ਼ੀ ਨਾਲ ਲੈ ਕੇ ਕਿਨਾਰੇ ਵੱਲ ਚਲੀ ਗਈ। ਉਸ ਨੇ ਦੱਸਿਆ ਕਿ ਇਸ ਤੋਂ ਬਾਅਦ ਮਗਰਮੱਛ ਨੇ ਹਮਲਾ ਨਹੀਂ ਕੀਤਾ। ਚੰਗੀ ਗੱਲ ਇਹ ਸੀ ਕਿ ਰਿਬੈਕਾ ਹਮਲੇ ਵਿੱਚ ਜ਼ਖ਼ਮੀ ਨਹੀਂ ਹੋਈ। ਉਸ ਦੀ ਦੋਸਤ ਲਾਟੋਇਆ ਨੂੰ ਇਲਾਜ ਲਈ ਹਸਪਤਾਲ ਲਿਜ-ਾਇਆ ਗਿਆ ਸੀ।

ਪਾਕਿਸਤਾਨੀ ਮੰਤਰੀ ਕਹਿੰਦੈ:

## ਭਾਰਤ 'ਤੇ ਮਿਜ਼ਾਈਲ ਨਾਲ ਹਮਲਾ ਕਰਾਂਗੇ, ਸਾਥ ਦੇਣ ਵਾਲੇ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾਵਾਂਗੇ



ਲਾਹੌਰ, 30 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਕਸ਼ਮੀਰ ਮਾਮਲਿਆਂ ਦੇ ਮੰਤਰੀ ਡਾ. ਅਲੀ ਅਮੀਨ ਨੇ ਭਾਰਤ ਵਿਰੁੱਧ ਮਿਜ਼ਾਈਲ ਹਮਲਿਆਂ ਦੀ ਧਮਕੀ ਦਿੱਤੀ ਹੈ।

ਕੱਲ੍ਹ ਲਾਹੌਰ 'ਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਭਾਰਤ ਕਸ਼ਮੀਰ ਮੁੱਦੇ 'ਤੇ ਆਪਣੇ ਰੁਖ ਤੋਂ ਪਿੱਛੇ ਨਾ ਹਟਿਆ ਤਾਂ ਇਸ ਦੇ ਨਤੀਜੇ ਚੰਗੇ ਨਹੀਂ ਹੋਣਗੇ। ਉਸ ਨੇ ਜੰਗ ਦੀ ਧਮਕੀ ਦਿੰਦਿਆਂ ਕਿਹਾ ਕਿ ਅਜਿਹੀ ਸਥਿਤੀ 'ਚ ਇੱਕ ਮਿਜ਼ਈਲ ਭਾਰਤ ਵੱਲ ਭੇਜੀ ਜਾਵੇਗੀ ਅਤੇ ਜੋ ਦੇਸ਼ ਭਾਰਤ ਦਾ ਸਮਰਥਨ ਕਰਨ ਦੀ ਕੋਸ਼ਿਸ਼ ਕਰੇਗਾ ਉਸ ਦੇਸ਼ 'ਤੇ ਵੀ ਮਿਜ਼ਈਲਾਂ ਨਾਲ ਹਮਲਾ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਪਾਕਿਸਤਾਨ ਸਰਕਾਰ ਨੇ ਕਸ਼ਮੀਰ ਅਤੇ ਗਿਲਗਿਤ-ਬਾਲਟਿਸਤਾਨ ਲਈ ਵੱਖਰਾ ਮੰਤਰਾਲਾ ਬਣਾਇਆ ਹੈ ਅਤੇ ਇਸ ਦੇ ਇੰਚਾਰਜ ਵਜੋਂ ਮੰਤਰੀ ਅਲੀ ਅਮੀਨ ਅਮਨ ਗਾਂਦਾਪੁਰ ਨੂੰ ਨਿਯੁਕਤ ਕੀਤਾ ਗਿਆ ਹੈ। ਅਲੀ ਨੇ ਮੰਨਿਆ ਕਿ ਕਸ਼ਮੀਰ ਮੁੱਦੇ ਉੱਤੇ ਪਾਕਿਸਤਾਨ ਨਾਲ ਕੋਈ ਵੀ ਦੇਸ਼ ਸਹਿਮਤ ਨਹੀਂ ਹੋ ਰਿਹਾ ਤੇ ਪੂਰੀ ਦੁਨੀਆ ਭਾਰਤ ਦਾ ਸਮਰਥਨ ਕਰ ਰਹੀ ਹੈ। ਮੰਤਰੀ ਅਨੁਸਾਰ ਇਨ੍ਹਾਂ ਕਾਰਨਾਂ ਕਰਕੇ ਭਾਰਤ ਦਾ ਹੌਸਲਾ ਵਧ ਰਿਹਾ ਹੈ। ਉਸ ਨੇ ਕਸ਼ਮੀਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਵੱਲੋਂ ਭੜਕਾਊ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸ ਹਾਲਤ 'ਚ ਪਾਕਿਸਤਾਨ ਚੁੱਪ ਬੈਠਣ ਵਾਲਾ ਨਹੀਂ। ਪੱਤਰਕਾਰਾਂ ਵੱਲੋਂ ਇਹ ਪੁੱਛਣ 'ਤੇ ਕਿ ਜੇ ਕੋਈ ਮੁਸਲਿਮ ਦੇਸ਼ ਭਾਰਤ ਦਾ ਸਮਰਥਨ ਕਰਦਾ ਹੈ ਤਾਂ ਤੁਸੀਂ ਕੀ ਕਾਰਵਾਈ ਕਰੋਗੇ, ਮੰਤਰੀ ਨੇ ਜਵਾਬ ਦਿੱਤਾ ਕਿ ਜੇ ਕੋਈ ਮੁਸਲਿਮ ਦੇਸ਼ ਭਾਰਤ ਦਾ ਸਮਰਥਨ ਕਰਦਾ ਹੈ ਤਾਂ ਪਾਕਿਸਤਾਨ ਉਸ 'ਤੇ ਵੀ ਹਮਲਾ ਕਰਨ ਤੋਂ ਪਿੱਛੇ ਨਹੀਂ ਹਟੇਗਾ।

## ਅੱਗ ਤੋਂ ਬਚਣ ਲਈ ਅਮਰੀਕੀ ਸੈਲੇਬ੍ਰਿਟੀ ਅੱਧੀ ਰਾਤ ਨੂੰ ਭੱਜੇ



ਲਾਸ ਏਂਜਲਸ, 30 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਲਾਸ ਏਂਜਲਸ ਦੇ ਜੰਗਲਾਂ ਵਿੱਚ ਬੀਤੀ ਦਿਨੀਂ ਲੱਗ ਗਈ ਅੱਗ ਤੇਜ਼ੀ ਨਾਲ ਫੈਲ ਰਹੀ ਹੈ। ਇਸ ਦੀ ਲਪੇਟ ਵਿੱਚ ਆ ਕੇ ਪੰਜ ਮਹਿੰਗੇ ਆਲੀਸ਼ਾਨ ਘਰ ਸੜ ਗਏ ਹਨ। ਇਸ ਦੇ ਕਾਰਨ ਕਈ ਸੈਲੇਬ੍ਰਿਟੀਜ਼ ਨੂੰ ਅੱਧੀ ਰਾਤੀਂ ਘਰ ਛੱਡ ਕੇ ਭੱਜਣਾ ਪਿਆ।

ਪਤਾ ਲੱਗਾ ਹੈ ਕਿ ਇਸ ਅੱਗ ਦੇ ਕਾਰਨ ਲਾਸ ਏਂਜਲਸ ਦੇ ਜਿਨ੍ਹਾਂ ਇਲਾਕਿਆਂ ਨੂੰ ਖਾਲੀ ਕਰਨ ਦਾ ਆਦੇਸ਼ ਦਿੱਤਾ ਗਿਆ ਹੈ, ਉਨ੍ਹਾਂ ਵਿੱਚ ਬ੍ਰੈਂਟਵੂੱਡ ਸ਼ਾਮਲ ਹੈ। ਇਹ ਪਾਸ਼ ਇਲਾਕਾ ਸਾਲ 1994 ਵਿੱਚ ਉਦੋਂ ਦੁਨੀਆ ਦੀ ਚਰਚਾ ਵਿੱਚ ਆ ਗਿਆ ਸੀ, ਜਦੋਂ ਸਾਬਕਾ ਫੁਟਬਾਲ ਸਟਾਰ ਓਜੇ ਸਿੰਪਸਨ ਉੱਤੇ ਇੱਥੇ ਆਪਣੀ ਸਾਬਕਾ ਪਤਨੀ ਅਤੇ ਇੱਕ ਵੇਟਰ ਦੇ ਕਤਲ ਦਾ ਦੋਸ਼ ਲੱਗਾ ਸੀ। ਬਾਸਕਟਬਾਲ ਦੇ ਦਿੱਗਜ ਖਿਡਾਰੀ ਲੀਬੋਨ ਜੇਮਜ਼ ਸਮੇਤ ਹਾਲੀਵੁੱਡ ਦੇ ਕਈ ਵੱਡੇ ਕਲਾਕਾਰਾਂ, ਨਿਰਮਾਤਾਵਾਂ ਅਤੇ ਮੀਡੀਆ ਕੰਪਨੀਆਂ ਦੇ ਕਾਰਜਕਾਰੀ ਅਧਿਕਾਰੀਆਂ ਦੇ ਘਰ ਇਸੇ ਇਲਾਕੇ ਵਿੱਚ ਹਨ। ਲਾਸ ਏਂਜਲਸ ਲੇਕਰਜ਼ ਲਈ ਖੇਡਣ ਵਾਲੇ ਜੇਮਜ਼ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਪਰਵਾਰ ਸਮੇਤ ਘਰ ਛੱਡ ਕੇ ਭੱਜਣਾ ਪਿਆ। ਉਨ੍ਹਾਂ ਟਵੀਟ ਕੀਤਾ, ਮੈਂ ਆਪਣੇ ਪਰਵਾਰ ਨਾਲ ਸੁਰੱਖਿਅਤ ਥਾਂ ਦੀ ਤਲਾਸ਼ ਵਿੱਚ ਡਰਾਈਵਿੰਗ ਕਰ ਰਿਹਾ ਹਾਂ।

## ਹਾਰਵਰਡ ਬਿਜ਼ਨਸ ਰੀਵਿਊ ਦੀ ਵਧੀਆ ਪ੍ਰਦਰਸ਼ਨ ਵਾਲੇ 10 ਸੀ ਈ ਓਜ਼ ਦੀ ਸੂਚੀ ਵਿੱਚ ਭਾਰਤੀ ਮੂਲ ਦੇ ਤਿੰਨ ਜਣੇ



ਨਿਊ ਯਾਰਕ, 30 ਅਕਤੂਬਰ (ਪੋਸਟ ਬਿਊਰੋ)- ਦੁਨੀਆ 'ਚ ਸਰਵਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ 10 ਲੱਖ ਕਾਰਜਕਾਰੀ ਅਧਿਕਾਰੀਆਂ (ਸੀ ਈ ਓਜ਼) ਦੀ ਸੂਚੀ 'ਚ ਤਿੰਨ ਭਾਰਤੀ ਮੂਲ ਦੇ ਹਨ।

ਹਾਰਵਰਡ ਬਿਜ਼ਨਸ ਰੀਵਿਊ (ਐੱਚ ਬੀ ਆਰ) ਨੇ ਦੁਨੀਆ ਦੇ 10 ਤੋਂ ਸਭ ਤੋਂ ਚੰਗਾ ਪ੍ਰਦਰਸ਼ਨ ਕਰਨ ਵਾਲੇ ਸੀ ਈ ਓਜ਼ ਦੀ 2019 ਦੀ ਸੂਚੀ ਤਿਆਰ ਕੀਤੀ ਹੈ। ਇਸ ਸੂਚੀ ਵਿੱਚ ਭਾਰਤੀ ਮੂਲ ਦੇ ਤਿੰਨ ਸੀ ਈ ਓ ਸ਼ਾਂਤਨੂੰ ਨਾਰਾਇਣੇ, ਅਜੈ ਬੰਗਾ ਅਤੇ ਸੱਤਿਆ ਨਾਡੇਲਾ ਸ਼ਾਮਲ ਹਨ। ਅਮਰੀਕਾ ਦੀ ਤਕਨੀਕੀ ਕੰਪਨੀ ਐਨਵੀਡੀਆ ਦੇ ਸੀ ਈ ਓ ਜਾਨਸਨ ਹੁਵਾਂਗ ਸੂਚੀ ਵਿੱਚ ਪਹਿਲੇ ਸਥਾਨ 'ਤੇ ਹਨ। ਅਡੋਬ ਦੇ ਨਾਰਾਇਣ ਸੂਚੀ ਵਿੱਚ ਛੇਵੇਂ ਸਥਾਨ 'ਤੇ ਅਤੇ ਬੰਗਾ ਸੱਤਵੇਂ ਸਥਾਨ 'ਤੇ ਹਨ। ਮਾਈਕ੍ਰੋਸਾਫਟ ਦੇ ਮੁਖੀ ਨਾਡੇਲਾ ਸੂਚੀ ਵਿੱਚ ਨੌਵੇਂ ਸਥਾਨ 'ਤੇ ਹਨ। ਸੂਚੀ 'ਚ ਭਾਰਤ ਵਿੱਚ ਜਨਮੇ ਡੀ ਬੀ ਐਸ ਦੇ ਸੀ ਈ ਓ ਪਿਊਸ਼ ਗੁਪਤਾ 89ਵੇਂ ਸਥਾਨ ਉੱਤੇ ਹਨ। ਐਪਲ ਦੇ ਸੀ ਈ ਓ ਟਿਮ ਕੁਕ ਸੂਚੀ ਵਿੱਚ 62ਵੇਂ ਸਥਾਨ 'ਤੇ ਹਨ। ਐੱਚ ਬੀ ਆਰ ਦੀ ਇਸ ਸੂਚੀ ਵਿੱਚ ਨਾਈਕੀ ਦੇ ਸੀ ਈ ਓ ਮਾਈਕ ਪਾਰਕਰ 20ਵੇਂ, ਜੇ ਪੀ ਮਾਰਗਨ ਚੇਜ਼ ਦੇ ਪ੍ਰਮੁੱਖ ਜੈਮੀ ਡਿਮੋਨ 23ਵੇਂ, ਲਾਗਹੀਡ ਮਾਰਟਿਨ ਦੀ ਸੀ ਈ ਓ ਮੈਰੀਲਿਨ ਹਿਊਸਨ 37ਵੇਂ, ਡਿਜ਼ਨੀ ਦੇ ਸੀ ਈ ਓ ਰਾਬਰਟ ਇਗਰ 55ਵੇਂ ਅਤੇ ਸਾਫਟ ਬੈਂਕ ਪ੍ਰਮੁੱਖ ਮਾਸਾਯੋਸ਼ੀ ਸੰਨ 96ਵੇਂ ਸਥਾਨ 'ਤੇ ਹਨ। ਐਮਾਜ਼ੋਨ ਦੇ ਸੀ ਈ ਓ ਜੈਫ ਬੇਜ਼ੋਸ ਇਸ ਸੂਚੀ ਵਿੱਚ 2014 ਤੋਂ ਹਰ ਸਾਲ ਸਿਰਫ ਵਿੱਤੀ ਪ੍ਰਦਰਸ਼ਨ ਦੇ ਆਧਾਰ 'ਤੇ ਚੋਟੀ 'ਤੇ ਰਹੇ ਸਨ, ਪਰ ਇਸ ਸਾਲ ਐਮਾਜ਼ੋਨ ਦਾ ਈ ਐੱਸ ਜੀ ਸਕੋਰ ਕਾਫੀ ਘੱਟ ਰਿਹਾ ਹੈ ਅਤੇ ਉਹ ਸੂਚੀ 'ਚ ਜਗ੍ਹਾ ਵੀ ਨਹੀਂ ਬਣਾ ਸਕੇ ਹਨ।


MICHELIN Hankook Continental ROADLUX BFGoodrich AEOLUS COMPASAL Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

# ਜਹਾਜ਼ ਦੇ ਟਾਇਲਟ ਵਿੱਚ ਕੈਮਰਾ ਲਾ ਕੇ ਕਾਕਪਿਟ ਵਿੱਚ ਪਾਇਲਟ ਵੀਡੀਓ ਦੇਖਦੇ ਰਹੇ

ਵਾਸ਼ਿੰਗਟਨ, 30 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਸਾਊਥ-ਵੈਸਟ ਏਅਰਲਾਈਨ ਦੇ ਪਾਇਲਟਾਂ ਦੀ ਇੱਕ ਅਜੀਬ ਕਰਤੂਤ ਪਤਾ ਲੱਗੀ ਹੈ, ਜਿਸ ਨੂੰ ਸੁਣ ਕੇ ਲੋਕ ਹੈਰਾਨ ਰਹਿ ਗਏ। ਜਹਾਜ਼ ਦੇ ਪਾਇਲਟਾਂ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਟਾਇਲਟ ਵਿੱਚ ਕੈਮਰਾ ਲਾ ਦਿੱਤਾ ਅਤੇ ਇਸ ਦੀ ਲਾਈਵ ਸਟਰੀਮਿੰਗ ਵੇਖਦੇ ਰਹੇ। ਏਅਰਲਾਈਨਸ ਦੀ ਇੱਕ ਮਹਿਲਾ ਪਾਇਲਟ ਨੇ ਆਪਣੇ ਦੋ ਸਾਥੀ ਪਾਇਲਟਾਂ ਉੱਤੇ ਇਹ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਜਹਾਜ਼ ਦੇ ਟਾਇਲਟ ਵਿੱਚ ਕੈਮਰਾ ਲੁਕਾਇਆ ਹੋਇਆ ਸੀ ਤੇ ਕਾਕਪਿਟ ਤੋਂ ਵਿੰਡਸ਼ੀਲਡ ਉੱਤੇ ਲੱਗੇ ਆਈਪੈਡ ਵਿੱਚ ਇਸ ਦੀ ਲਾਈਵ ਸਟਰੀਮਿੰਗ ਦੇਖਦੇ ਰਹੇ ਸਨ। ਸਾਥੀ ਪਾਇਲਟ ਨੇ ਇਨ੍ਹਾਂ ਦੋਵਾਂ ਦੋਸ਼ੀਆਂ ਉੱਤੇ ਕੇਸ ਦਰਜ ਕਰਵਾਇਆ ਹੈ।



ਮਿਲੀ ਜਾਣਕਾਰੀ ਮੁਤਾਬਕ ਇਹ ਮਾਮਲਾ ਪਿਛਲੇ ਸਾਲ ਐਰੀਜ਼ੋਨਾ ਸਟੇਟ ਕੋਰਟ ਵਿੱਚ ਗਿਆ ਅਤੇ ਫਿਰ ਫੈਡਰਲ ਕੋਰਟ ਵਿੱਚ ਟਰਾਂਸਫਰ ਕਰ ਦਿੱਤਾ ਗਿਆ। ਸਾਊਥ ਵੈਸਟ ਏਅਰਲਾਈਨ ਨੇ ਐਤਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਏਅਰਲਾਈਨ ਆਪਣੇ ਜਹਾਜ਼ ਦੇ ਟਾਇਲਟ ਵਿੱਚ ਕੈਮਰੇ ਨਹੀਂ ਲਾਉਂਦੀ ਤੇ 2017 ਦੀ ਘਟਨਾ ਮਜ਼ਾਕ ਦੀ ਭੱਦੀ ਕੋਸ਼ਿਸ਼ ਸੀ। ਇਸ ਬਾਰੇ ਸੰਬੰਧਤ ਕੇਸ ਅਨੁਸਾਰ ਫਲਾਈਟ ਅਟੈਂਡੈਂਟ ਰੇਨੀ ਨੇ ਦੋਸ਼ ਲਾਇਆ ਹੈ ਕਿ ਉਸ ਨੇ ਪਲੇਨ ਦੇ ਫਾਰਵਰਡ ਲੈਵਰੇਟ ਤੋਂ ਆਈਪੈਡ ਵਿੱਚ ਦੇਖੀ ਜਾਂਦੀ ਵੀਡੀਓ ਨੂੰ ਓਦੋਂ ਵੇਖਿਆ, ਜਦੋਂ ਉਹ ਕਾਕਪਿਟ ਵਿੱਚ ਗਈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਕੋ-ਪਾਇਲਟ ਰਿਆਨ ਰਸੇਲ ਨੇ ਮੰਨਿਆ ਕਿ ਆਈਪੈਡ ਤੋਂ ਟਾਇਲਟ ਵਿੱਚ ਲਾਏ ਕੈਮਰੇ ਤੋਂ ਵੀਡੀਓ ਲਾਈਵ ਸਟਰੀਮ ਹੋ ਰਿਹਾ ਸੀ, ਪਰ ਉਸ ਨੇ ਰੇਨੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸਾਊਥ-ਵੈਸਟ ਏਅਰਲਾਈਨ ਦੇ ਬੋਇੰਗ 737-800 ਜਹਾਜ਼ਾਂ ਵਿੱਚ ਇਹ ਕੈਮਰੇ ਗੁਪਤ ਸੁਰੱਖਿਆ ਉਪਾਅ ਦੇ ਤਹਿਤ ਲਾਏ ਗਏ ਸਨ।

ਇਹ ਮੁਕੱਦਮਾ ਰੇਨੀ ਤੇ ਉਨ੍ਹਾਂ ਦੇ ਪਤੀ ਡੇਵਿਡ ਨੇ ਅਕਤੂਬਰ 2018 ਵਿੱਚ ਐਰੀਜ਼ੋਨਾ ਦੀ ਇੱਕ ਅਦਾਲਤ ਵਿੱਚ ਦਰਜ ਕੀਤਾ ਸੀ। ਅਗਸਤ ਦੇ ਅੰਤ ਵਿੱਚ ਇਸ ਨੂੰ ਫੀਨਿਕਸ ਵਿੱਚ ਫੈਡਰਲ ਅਦਾਲਤ ਵਿੱਚ ਭੇਜ ਦਿੱਤਾ ਗਿਆ। ਰੇਨੀ ਨੇ ਕਿਹਾ ਕਿ ਏਅਰਲਾਈਨ ਨੇ ਲਾਈਵ ਸਟਰੀਮਿੰਗ ਕਰ ਕੇ ਔਰਤਾਂ ਦੀ ਸੁਰੱਖਿਆ ਨਾਲ ਸਮਝੌਤਾ ਕੀਤਾ ਹੈ, ਇਸ ਦੇ ਲਈ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

# ਬੀਤੇ ਪੰਜ ਸਾਲਾਂ ਦੌਰਾਨ 22 ਹਜ਼ਾਰ ਤੋਂ ਵੱਧ ਭਾਰਤੀ ਲੋਕਾਂ ਨੇ ਅਮਰੀਕਾ ਤੋਂ ਪਨਾਹ ਮੰਗੀ

ਵਾਸ਼ਿੰਗਟਨ, 30 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਸਾਲ 2014 ਤੋਂ ਬਾਅਦ 7 ਹਜ਼ਾਰ ਔਰਤਾਂ ਸਣੇ 22 ਹਜ਼ਾਰ ਤੋਂ ਵੱਧ ਭਾਰਤੀਆਂ ਨੇ ਪਨਾਹ ਦੀ ਮੰਗ ਕੀਤੀ ਹੈ।

ਇਕ ਨਵੇਂ ਅਧਿਕਾਰਿਤ ਅੰਕੜੇ ਤੋਂ ਇਹ ਜਾਣਕਾਰੀ ਮਿਲੀ ਹੈ। 'ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ' ਦੇ ਕਾਰਜਕਾਰੀ ਡਾਇਰੈਕਟਰ ਸਤਨਾਮ ਸਿੰਘ ਚਹਲ ਨੇ ਦੱਸਿਆ ਕਿ ਭਾਰਤੀਆਂ ਵਲੋਂ ਅਮਰੀਕਾ ਵਿੱਚ ਸ਼ਰਣ ਮੰਗਣ ਦਾ ਕਾਰਨ ਭਾਰਤ ਵਿੱਚ ਬੇਰੁਜ਼ਗਾਰੀ ਜਾਂ ਪੱਖਪਾਤ ਜਾਂ ਦੋਵੇਂ ਹੋ ਸਕਦੇ ਹਨ। ਐੱਨ ਏ ਪੀ ਏ ਨੂੰ ਸੂਚਨਾ ਦੀ ਆਜ਼ਾਦੀ ਕਾਨੂੰਨ ਹੇਠ 'ਯੂ ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੈਸ਼ਨਲ ਰਿਕਾਰਡ ਸੈਂਟਰ' ਤੋਂ ਮਿਲੀ ਸੂਚਨਾ ਦੇ ਮੁਤਾਬਕ ਸਾਲ 2014 ਤੋਂ ਬਾਅਦ 22,371 ਭਾਰਤੀਆਂ ਨੇ



ਅਮਰੀਕਾ ਵਿੱਚ ਸ਼ਰਣ ਮੰਗੀ ਹੈ। ਚਾਹਲ ਨੇ ਕਿਹਾ ਕਿ ਇਹ ਅੰਕੜੇ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਨੇ ਕਿਹਾ ਕਿ ਸ਼ਰਣ ਮੰਗਣ ਵਾਲੇ ਭਾਰਤੀਆਂ ਵਿੱਚ 15,436 ਪੁਰਸ਼ ਅਤੇ 6,935 ਔਰਤਾਂ ਸਨ। ਸ਼ਰਣ ਚਾਹੁੰਦੇ ਲੋਕਾਂ ਵਿਚਾਲੇ ਕੰਮ ਕਰਨ ਵਾਲੇ ਚਾਹਲ ਨੇ ਕਿਹਾ ਕਿ ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਿਆਂ ਲਈ ਸ਼ਰਣ ਮੰਗਣ ਦੀ ਪ੍ਰਕਿਰਿਆ ਉਨ੍ਹਾਂ ਦੀ ਦਿੱਕਤ ਵਧਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਦਾਖਲ ਹੋਣ ਪਿੱਛੋਂ ਇਨ੍ਹਾਂ ਵਿੱਚੋਂ ਬਹੁਤੇ ਲੋਕ ਨਿੱਜੀ ਵਕੀਲ ਦੀ ਸੇਵਾ ਲੈਂਦੇ ਹਨ, ਜੋ ਏਨੀ ਕੁ ਫੀਸ ਮੰਗਦੇ ਹਨ ਕਿ ਉਨ੍ਹਾਂ ਦੇ ਭੁਗਤਾਨ ਦੀ ਸਮਰਥਾ ਤੋਂ ਪਰੇ ਹੁੰਦੀ ਹੈ। ਇਸ ਤੋਂ ਬਿਨਾ ਉਹ ਲੋਕ, ਜਿਨ੍ਹਾਂ ਨੂੰ ਵਕੀਲ ਮਿਲ ਵੀ ਜਾਂਦਾ ਹੈ, ਉਨ੍ਹਾਂ ਲਈ ਪ੍ਰਕਿਰਿਆ ਤਣਾਅ ਭਰੀ ਹੋ ਸਕਦੀ ਹੈ ਕਿਉਂਕਿ ਅਪਲਾਈ ਕਰਨ ਤੋਂ ਕਈ ਮਹੀਨੇ ਬਾਅਦ ਤੱਕ ਕੰਮ ਕਰਨ ਲਈ ਪਰਮਿਟ ਨਹੀਂ ਲੈ ਸਕਦੇ। ਚਾਹਲ ਨੇ ਕਿਹਾ ਕਿ ਇਸ ਲਈ ਜੋ ਭਾਰਤੀ ਅਮਰੀਕਾ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਏਥੇ ਕਾਨੂੰਨੀ ਢੰਗ ਨਾਲ ਆਉਣਾ ਚਾਹੀਦਾ ਹੈ, ਜਿਸ ਨਾਲ ਮੁਸ਼ਕਿਲਾਂ ਤੋਂ ਬਚ ਸਕਣ। ਇਸ ਮਹੀਨੇ ਦੇ ਸ਼ੁਰੂ ਵਿੱਚ ਮੈਕਸਿਕੋ ਨੇ 311 ਭਾਰਤੀਆਂ ਨੂੰ ਅਮਰੀਕਾ ਵਿੱਚ ਦਾਖਲ ਹੋਣ ਦੇ ਗਲਤ ਢੰਗ ਕਾਰਨ ਭਾਰਤ ਵਾਪਸ ਭੇਜ ਦਿੱਤਾ ਸੀ।

# ਬੰਗਲਾ ਦੇਸ਼ੀ ਕ੍ਰਿਕਟ ਖਿਡਾਰੀ ਸ਼ਾਕਿਬ 'ਤੇ ਦੋ ਸਾਲ ਦੀ ਪਾਬੰਦੀ

ਢਾਕਾ, 30 ਅਕਤੂਬਰ (ਪੋਸਟ ਬਿਊਰੋ)- ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੇ ਇੱਕ ਸ਼ੱਕੀ ਭਾਰਤੀ ਸੱਟੇਬਾਜ਼ ਵੱਲੋਂ ਆਈ ਪੀ ਐਲ ਸਣੇ ਤਿੰਨ ਵਾਰ ਪੇਸ਼ਕਸ਼ ਕਰਨ ਦੀ ਜਾਣਕਾਰੀ ਨਾ ਦੇਣ ਕਾਰਨ ਬੰਗਲਾ ਦੇਸ਼ ਦੀ ਕ੍ਰਿਕਟ ਟੀਮ ਦੇ ਕਪਤਾਨ ਸ਼ਾਕਿਬ ਅਲ ਹਸਨ ਉੱਤੇ ਦੋ ਸਾਲ ਦੀ ਪਾਬੰਦੀ ਲਾ ਦਿੱਤੀ ਹੈ। ਇਸ ਤਰ੍ਹਾਂ ਇਹ ਸਟਾਰ ਹਰਫਨ ਮੌਲਾ ਕ੍ਰਿਕਟ ਖਿਡਾਰੀ ਸ਼ਾਕਿਬ ਹਸਨ ਤਿੰਨ ਨਵੰਬਰ ਤੋਂ ਸ਼ੁਰੂ ਹੋ ਰਹੇ ਭਾਰਤ ਦੌਰੇ 'ਤੇ ਨਹੀਂ ਜਾ ਸਕੇਗਾ।



ਸ਼ਾਕਿਬ 'ਤੇ ਪੂਰਾ ਇੱਕ ਸਾਲ ਪਾਬੰਦੀ ਰਹੇਗੀ, ਜਦੋਂ ਕਿ 12 ਮਹੀਨਿਆਂ ਦੀ ਮਿਆਦ ਸਸਪੈਂਸ਼ਨ ਦੀ ਸਜ਼ਾ ਹੈ, ਜੋ ਸ਼ਾਕਿਬ ਉੱਤੇ ਤਦ ਲਾਗੂ ਹੋਵੇਗੀ, ਜੇ ਉਹ ਸੰਸਾਰ ਪੱਧਰੀ ਸੰਸਥਾ ਦੇ ਭ੍ਰਿਸ਼ਟਾਚਾਰ ਰੋਕੂ ਨਿਯਮ ਦੀ ਪਾਲਣਾ ਤੋਂ ਅਸਫਲ ਰਹੇਗਾ। ਉਹ ਅਗਲੇ ਸਾਲ ਇੰਡੀਅਨ ਪ੍ਰੀਮੀਅਰ ਲੀਗ ਤੇ ਆਸਟਰੇਲੀਆ ਵਿੱਚ 18 ਅਕਤੂਬਰ ਤੋਂ ਨਵੰਬਰ 2020 ਤੱਕ ਹੋਣ ਵਾਲੇ ਟੀ-20 ਵਿਸ਼ਵ ਕੱਪ ਵਿੱਚ ਨਹੀਂ ਖੇਡ ਸਕੇਗਾ। ਆਈ ਸੀ ਸੀ ਦੇ ਨਿਰਦੇਸ਼ਾਂ 'ਤੇ ਉਸ ਨੂੰ ਟੀਮ ਦੇ ਅਭਿਆਸ ਤੋਂ ਵੀ ਦੂਰ ਰੱਖਿਆ ਗਿਆ ਹੈ। ਬੰਗਲਾ ਦੇਸ਼ ਨੇ ਆਪਣੇ ਦੌਰੇ ਦੌਰਾਨ ਭਾਰਤ ਖਿਲਾਫ ਤਿੰਨ ਟੀ-20 ਅਤੇ ਦੋ ਟੈਸਟ ਮੈਚ ਖੇਡਣੇ ਹਨ। ਸ਼ਾਕਿਬ ਨੇ ਆਈ ਸੀ ਸੀ ਦੇ ਬਿਆਨ ਬਾਰੇ ਕਿਹਾ, "ਜਿਸ ਖੇਡ ਨਾਲ ਮੈਨੂੰ ਪਿਆਰ ਹੈ, ਉਸ ਤੋਂ ਸਸਪੈਂਡ ਕੀਤੇ ਜਾਣ ਤੋਂ ਮੈਂ ਕਾਫੀ ਦੁਖੀ ਹਾਂ, ਪਰ ਮੈਂ ਆਪਣੀ ਸਜ਼ਾ ਮੰਨਦਾ ਹਾਂ। ਆਈ ਸੀ ਸੀ ਦੀ ਭ੍ਰਿਸ਼ਟਾਚਾਰ ਰੋਕੂ ਯੂਨਿਟ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਵਿੱਚ ਖਿਡਾਰੀਆਂ 'ਤੇ ਕਾਫੀ ਨਿਰਭਰ ਹੈ। ਮੈਂ ਸੱਟੇਬਾਜ਼ ਦੀ ਪੇਸ਼ਕਸ਼ ਦੀ ਜਾਣਕਾਰੀ ਨਾ ਦੇ ਕੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ।"

ਆਈ ਸੀ ਸੀ ਦੀ ਭ੍ਰਿਸ਼ਟਾਚਾਰ ਰੋਕੂ ਯੂਨਿਟ ਨੇ ਜਨਵਰੀ ਅਤੇ ਅਗਸਤ ਵਿੱਚ ਸ਼ਾਕਿਬ ਨਾਲ ਗੱਲ ਕੀਤੀ ਸੀ। ਉਸ ਨੇ ਦੀਪਕ ਅਗਰਵਾਲ ਵੱਲੋਂ ਉਨ੍ਹਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਆਈ ਸੀ ਸੀ ਨੂੰ ਨਹੀਂ ਦਿੱਤੀ। ਆਈ ਸੀ ਸੀ ਦੀ ਭ੍ਰਿਸ਼ਟਾਚਾਰ ਰੋਕੂ ਯੂਨਿਟ ਇਸ ਵਿਅਕਤੀ ਨੂੰ ਜਾਣਦੀ ਹੈ ਅਤੇ ਉਸ 'ਤੇ ਕ੍ਰਿਕਟ ਵਿੱਚ ਭ੍ਰਿਸ਼ਟਾਚਾਰ ਵਿੱਚ ਸ਼ਮੂਲੀਅਤ ਕਰਨ ਦਾ ਸ਼ੱਕ ਹੈ। ਆਈ ਸੀ ਸੀ ਨੇ ਕਿਹਾ ਕਿ ਅਗਰਵਾਲ ਨੇ ਤਿੰਨ ਵੱਖ-ਵੱਖ ਮੌਕਿਆਂ 'ਤੇ ਸ਼ਾਕਿਬ ਨੂੰ ਆਪਣੀ ਟੀਮ ਦੀ ਬਣਤਰ ਤੇ ਰਣਨੀਤੀ ਬਾਰੇ ਜਾਣਕਾਰੀ ਦੇਣ ਨੂੰ ਕਿਹਾ ਸੀ। ਇਨ੍ਹਾਂ ਵਿੱਚੋਂ ਇੱਕ ਵਾਰ 26 ਅਪ੍ਰੈਲ 2018 ਨੂੰ ਸੰਪਰਕ ਕੀਤਾ ਗਿਆ, ਜਦੋਂ ਸ਼ਾਕਿਬ ਦੀ ਆਈ ਪੀ ਐਲ ਟੀਮ ਸਨਰਾਈਜ਼ਰਜ਼ ਹੈਦਰਾਬਾਦ ਨੇ ਕਿੰਗਜ਼ ਇਲੈਵਨ ਪੰਜਾਬ ਨਾਲ ਖੇਡਣਾ ਸੀ। ਹੈਦਰਾਬਾਦ ਨੇ 13 ਦੌੜਾਂ ਨਾਲ ਮੈਚ ਜਿੱਤਿਆ ਸੀ।

# ਵ੍ਹਟਸਐਪ ਨੇ ਇਜ਼ਰਾਇਲੀ ਸਰਵਿਲਾਂਸ ਐੱਨ ਐੱਸ ਓ ਉੱਤੇ ਕੇਸ ਕੀਤਾ

ਵਾਸ਼ਿੰਗਟਨ, 30 ਅਕਤੂਬਰ (ਪੋਸਟ ਬਿਊਰੋ)- ਇਜ਼ਰਾਈਲ ਦੀ ਦਿੱਗਜ ਸਰਵਿਲਾਂਸ ਫਰਮ ਐੱਨ ਐੱਸ ਓ ਜਾਸੂਸੀ ਦੇ ਦੋਸ਼ਾਂ ਵਿੱਚ ਘਿਰ ਗਈ ਹੈ। ਵ੍ਹਟਸਐਪ ਦਾ ਦੋਸ਼ ਹੈ ਕਿ ਇਹ ਕੰਪਨੀ ਚਾਰ ਮਹਾਦੀਪਾਂ ਵਿੱਚ ਕਰੀਬ 1400 ਯੂਜ਼ਰਾਂ ਦੇ ਮੋਬਾਈਲ ਫੋਨ ਹੈਕ ਕਰਨ ਵਿੱਚ ਸਰਕਾਰੀ ਖ਼ੁਫ਼ੀਆ ਤੰਤਰ ਦੀ ਮਦਦ ਕਰ ਰਹੀ ਹੈ। ਜਿਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਉਨ੍ਹਾਂ ਵਿੱਚ ਡਿਪਲੋਮੇਟ, ਸਿਆਸੀ ਵਿਰੋਧੀ, ਪੱਤਰਕਾਰ ਤੇ ਸੀਨੀਅਰ ਸਰਕਾਰੀ ਅਫਸਰ ਸ਼ਾਮਿਲ ਹਨ। ਇਸ ਬਾਰੇ ਵ੍ਹਟਸਐਪ ਨੇ ਐੱਨ ਐੱਸ ਓ ਗਰੁੱਪ ਦੇ ਖ਼ਿਲਾਫ਼ ਮੰਗਲਵਾਰ ਅਮਰੀਕਾ ਵਿੱਚ ਕੇਸ ਕੀਤਾ ਹੈ। ਸਾਨ ਫਰਾਂਸਿਸਕੋ ਦੀ ਫੈਡਰਲ ਅਦਾਲਤ ਵਿੱਚ ਕੀਤੇ ਕੇਸ ਵਿੱਚ ਫੇਸਬੁੱਕ ਦੀ ਮਾਲਕੀ ਵਾਲੇ



ਵ੍ਹਟਸਐਪ ਨੇ ਐੱਨ ਐੱਸ ਓ ਉੱਤੇ 20 ਦੇਸ਼ਾਂ ਵਿੱਚ ਸਰਕਾਰ ਦੀ ਹੈਕਿੰਗ ਨੂੰ ਸੁਖਾਲਾ ਬਣਾਉਣ ਦਾ ਦੋਸ਼ ਲਾਇਆ ਹੈ। ਹੈਕਿੰਗ ਵਿੱਚ ਨਿਸ਼ਾਨਾ ਬਣਾਏ ਦੇਸ਼ਾਂ ਵਿੱਚ ਸਿਰਫ਼ ਮੈਕਸੀਕੋ, ਯੂ ਏ ਈ ਅਤੇ ਬਹਿਰੀਨ ਦੀ ਪਛਾਣ ਹੋਈ ਹੈ। ਵ੍ਹਟਸਐਪ ਦੇ ਮੁਤਾਬਕ ਸਿਵਿਲ ਸੁਸਾਇਟੀ ਦੇ ਕਰੀਬ 100 ਮੈਂਬਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਐੱਨ ਐੱਸ ਓ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਅਸੀਂ ਸਖ਼ਤ ਸ਼ਬਦਾਂ ਵਿੱਚ ਇਨ੍ਹਾਂ ਦੋਸ਼ਾਂ ਦਾ ਵਿਰੋਧ ਕਰਦੇ ਹਾਂ ਤੇ ਪੂਰੇ ਜੋਸ਼ ਨਾਲ ਇਨ੍ਹਾਂ ਦਾ ਮੁਕਾਬਲਾ ਕਰਾਂਗੇ। ਐੱਨ ਐੱਸ ਓ ਦਾ ਇਕਲੌਤਾ ਮਕਸਦ ਅੱਤਵਾਦ ਤੇ ਜੁਰਮਾਂ ਨਾਲ ਮੁਕਾਬਲੇ ਵਿੱਚ ਮਦਦ ਕਰਨ ਲਈ ਸਰਕਾਰੀ ਖ਼ੁਫ਼ੀਆ ਤੇ ਇਨਫੋਰਸਮੈਂਟ ਏਜੰਸੀਆਂ ਨੂੰ ਤਕਨੀਕ ਹਾਸਲ ਕਰਵਾਉਣਾ ਹੈ। ਵ੍ਹਟਸਐਪ ਨੇ ਦੋਸ਼ ਲਾਇਆ ਕਿ ਯੂਜ਼ਰਸ ਦੇ ਮੋਬਾਈਲ ਡਿਵਾਈਸ ਉੱਤੇ ਮਾਲਵੇਅਰ ਭੇਜਣ ਲਈ ਸਾਡੇ ਵੀਡੀਓ ਕਾਲਿੰਗ ਸਿਸਟਮ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਮਾਲਵੇਅਰ ਦੇ ਰਾਹੀਂ ਐੱਨ ਐੱਸ ਓ ਦੀਆਂ ਗਾਹਕ ਦੱਸੀਆਂ ਜਾਂਦੀਆਂ ਸਰਕਾਰਾਂ ਤੇ ਖ਼ੁਫ਼ੀਆ ਏਜੰਸੀਆਂ ਹੀ ਲੋਕਾਂ ਦੇ ਮੋਬਾਈਲ ਫੋਨ ਦੀ ਜਾਸੂਸੀ ਕਰਦੀਆਂ ਹਨ।

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਕਾਇਲਾ ਮੁੱਲਰ ਦੇ ਨਾਂਅ ਉਤੇ ਸੀ ਬਗਦਾਦੀ ਮਾਰਨ ਦੀ ਮੁਹਿੰਮ



ਵਾਸ਼ਿੰਗਟਨ, 30 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਨੇ ਆਈ ਐੱਸ ਸਰਗਨਾ ਅਬੂ ਬਕਰ ਅਲ ਬਗਦਾਦੀ ਦੇ ਖਾਤਮੇ ਦੀ ਆਪਣੀ ਮੁਹਿੰਮ ਨੂੰ ਕਾਇਲਾ ਮੁਲੱਰ ਦਾ ਨਾਂਅ ਦਿੱਤਾ ਸੀ। ਆਈ ਐੱਸ ਨੇ ਅਗਵਾ ਕਰਨ ਦੇ ਬਾਅਦ ਕਾਇਲਾ ਦੀ ਹੱਤਿਆ ਕਰ ਦਿੱਤੀ ਸੀ। 26 ਸਾਲ ਦੀ ਅਮਰੀਕੀ ਮਨੁੱਖੀ ਅਧਿਕਾਰ ਕਾਰਕੁਨ ਕਾਇਲਾ ਨੂੰ ਸਾਲ 2013 ਵਿੱਚ ਆਈ ਐੱਸ ਅੱਤਵਾਦੀਆਂ ਨੇ ਸੀਰੀਆ ਦੇ ਇੱਕ ਹਸਪਤਾਲ 'ਚੋਂ ਅਗਵਾ ਕਰ ਲਿਆ ਸੀ। ਅਸਲ ਵਿੱਚ ਉਸ ਵੇਲੇ ਉਹ ਸੀਰੀਆ ਵਿੱਚ ਉਹ ਘਰੇਲੂ ਜੰਗ ਤੋਂ ਪ੍ਰਭਾਵਤ ਲੋਕਾਂ ਦੀ ਮਦਦ ਕਰ ਰਹੀ ਸੀ। ਕਈ ਮਹਿਲਾ ਕੈਦੀਆਂ ਦੀ ਜਾਨ ਬਚਾਉਣ ਵਾਲੀ ਕਾਇਲਾ ਦੀ 2015 ਵਿੱਚ ਹੱਤਿਆ ਕਰ ਦਿੱਤੀ ਗਈ ਸੀ ਤੇ ਉਨ੍ਹਾਂ ਦੀ ਲਾਸ਼ ਕਦੇ ਬਰਾਮਦ ਨਹੀਂ ਹੋਈ। ਕਾਇਲਾ ਦੇ ਮਾਂ-ਬਾਪ ਕਾਰਲ ਮੁੱਲਰ ਅਤੇ ਮਾਰਸ਼ ਮੁੱਲਰ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਤਾਰੀਫ ਕਰਦੇ ਹੋਏ ਕਿਹਾ, ਜੇ ਟਰੰਪ ਦੀ ਤਰ੍ਹਾਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਫੈਸਲਾ ਲੈ ਲਿਆ ਹੁੰਦਾ ਤਾਂ ਮੇਰੀ ਬੇਟੀ ਅੱਜ ਜਿੰਦਾ ਹੁੰਦੀ। ਉਨ੍ਹਾਂ ਨੇ ਆਪਣੀ ਬੇਟੀ ਦੇ ਨਾਂਅ 'ਤੇ ਮੁਹਿੰਮ ਚਲਾਉਣ ਲਈ ਅਮਰੀਕੀ ਫੌਜੀ ਬਲਾਂ ਪ੍ਰਤੀ ਧੰਨਵਾਦ ਪ੍ਰਗਟ ਕੀਤਾ। ਟਰੰਪ ਨੇ ਬਗਦਾਦੀ ਦੇ ਮਾਰੇ ਜਾਣ ਦਾ ਐਲਾਨ ਕਰਦੇ ਸਮੇਂ ਕਿਹਾ ਸੀ, ਕਾਇਲਾ ਲੋਕਾਂ ਦੀ ਮਦਦ ਕਰਨ ਵਾਲੀ ਖ਼ੂਬਸੂਰਤ ਯੁਵਾ ਮਹਿਲਾ ਸਨ।

ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ
ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋਂ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ, ਰੀਅਲ ਇਸਟੇਟ ਵਾਲੇ ਵੀਰ ਕਾਲ ਨਾ ਕਰਨ
647-868-0954

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਸਿੱਖ ਲੜਕਾ, ਉਮਰ 25 ਸਾਲ, ਕਦ 5'8'', ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੱਲਾ

# ਡਿਪਟੀ ਕਮਿਸ਼ਨਰ ਨੇ ਸੈਰ ਕਰ ਰਹੇ ਲੋਕਾਂ ਨੂੰ ਦੀਵਾਲੀ ਮੌਕੇ ਲੱਡੂ ਖੁਆਏ



ਫਿਰੋਜ਼ਪੁਰ, 30 ਅਕਤੂਬਰ (ਗਿਆਨ ਸਿੰਘ) ਦੀਵਾਲੀ ਦੀ ਸਵੇਰ ਨੂੰ ਡਿਪਟੀ ਕਮਿਸ਼ਨਰ ਚੰਦਰ ਗੈਂਦ ਸ਼ਹਿਰ ਦੀਆਂ ਪਾਰਕਾਂ ਵਿਚ ਪਹੁੰਚੇ ਅਤੇ ਸ਼ਹਿਰ ਦੇ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਦੀਵਾਲੀ ਦੇ ਮੌਕੇ ਤੇ ਸੈਰ ਅਤੇ ਯੋਗ ਕਰ ਰਹੇ ਲੋਕਾਂ ਨੂੰ ਵਧਾਈ ਦਿੱਤੀ, ਉਨ੍ਹਾਂ ਦੇ ਮੂੰਹ ਮਿੱਠੇ ਕਰਵਾਏ, ਲੱਡੂ ਅਤੇ ਫਲ ਦਿੱਤੇ ਤੇ ਨਾਲ ਹੀ ਉਨ੍ਹਾਂ ਨਾਲ ਸ਼ਹਿਰ ਬਾਰੇ ਗੱਲਬਾਤ ਕੀਤੀ।

ਡਿਪਟੀ ਕਮਿਸ਼ਨਰ ਸਵੇਰੇ ਸ਼ਹਿਰ ਦੇ ਪਾਰਕਾਂ ਵਿੱਚ ਪਹੁੰਚੇ। ਉਨ੍ਹਾਂ ਨੇ ਟਾਊਨ ਹਾਲ ਵਿਚ ਸਥਿਤ ਸ਼ਹਿਰ ਦੇ ਮੁੱਖ ਪਾਰਕ ਵਿਖੇ ਲੋਕਾਂ ਨਾਲ ਬਹੁਤ ਸਾਰਾ ਸਮਾਂ ਬਿਤਾਇਆ। ਡਿਪਟੀ ਕਮਿਸ਼ਨਰ ਨੇ ਦੀਵਾਲੀ ਦਾ ਤਿਉਹਾਰ ਇੱਥੇ ਆਉਣ ਵਾਲੇ ਹਰ ਵਿਅਕਤੀ ਨੂੰ ਲੱਡੂ ਖੁਆ ਕੇ ਮਨਾਇਆ।

ਡਿਪਟੀ ਕਮਿਸ਼ਨਰ ਨੇ ਪਾਰਕ ਵਿੱਚ ਲੰਬੇ ਸਮੇਂ ਤੋਂ ਸੈਰ ਅਤੇ ਯੋਗਾ ਕਰਨ ਵਾਲੇ ਲੋਕਾਂ ਨਾਲ ਵੀ ਗੱਲਬਾਤ ਕੀਤੀ। ਲੋਕਾਂ ਨੇ ਡਿਪਟੀ ਕਮਿਸ਼ਨਰ ਚੰਦਰ ਗੈਂਦ ਵੱਲੋਂ ਲੋਕਾਂ ਵਿੱਚ ਵਿਚਰ ਕੇ ਦੀਵਾਲੀ ਨੂੰ ਅਜਿਹੇ ਸਰਲ ਢੰਗ ਨਾਲ ਮਨਾਉਣ ਦੇ ਕਦਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਅਕਸਰ ਲੋਕਾਂ ਵਿਚਾਲੇ ਆਉਂਦੇ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦੇ ਰਹਿੰਦੇ ਹਨ।

ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਰੌਸ਼ਨੀ ਅਤੇ ਖੁਸ਼ੀਆਂ ਦਾ ਤਿਉਹਾਰ ਹੈ, ਜਿਸ ਨੂੰ ਉਹ ਆਪਣੇ ਸ਼ਹਿਰ ਦੇ ਲੋਕਾਂ ਨਾਲ ਮਨਾਉਣਾ ਚਾਹੁੰਦੇ ਸਨ। ਕਿਉਂਕਿ ਸ਼ਹਿਰ ਦੇ ਲੋਕ ਉਨ੍ਹਾਂ ਦੇ ਪਰਿਵਾਰ ਵਾਂਗ ਹਨ। ਇਸ ਲਈ ਉਨ੍ਹਾਂ ਨੇ ਲੋਕਾਂ ਨੂੰ ਲੱਡੂ ਅਤੇ ਫਲ ਵੰਡ ਕੇ ਦੀਵਾਲੀ ਦੀ ਸਵੇਰ ਦੀ ਸ਼ੁਰੂਆਤ ਕੀਤੀ ਹੈ।

TransExpert NOW HIRING! Skylark Logistics Inc.
Full Time Mechanic Also Needed
Highway US Drivers & Owner Operators Wanted
- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

# ਸ੍ਰੀ ਗੁਰੂ ਸਿੰਘ ਸਭਾ ਨਿਊਜ਼ੀਲੈਂਡ ਆਪਣੇ ਕੀਰਤਨੀ ਜੱਥੇ ਨੂੰ ਨਿਰਧਾਰਤ ਮਿਹਨਤਾਨਾ ਨਾ ਦੇਣ ਲਈ ਦੋਸ਼ੀ ਕਰਾਰ

## ਇੰਪਲਾਇਮੈਂਟ ਰਿਲੇਸ਼ਨ ਵੱਲੋਂ ਬਕਾਇਆ ਤਨਖਾਹ ਤੇ ਛੁੱਟੀਆਂ ਦੇ ਪੈਸੇ (66,516 ਡਾਲਰ) 14 ਦਿਨ ਦੇ ਅੰਦਰ ਅਤੇ 40,000 ਡਾਲਰ ਜ਼ੁਰਮਾਨਾ 28 ਦਿਨਾਂ 'ਚ ਭਰਨ ਦੇ ਆਦੇਸ਼



ਔਕਲੈਂਡ 30 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਜਾਂ ਕੀਰਤਨੀ ਜੱਥਾ ਬੜੇ ਹੀ ਸਤਿਕਾਰ ਦਾ ਪਾਤਰ ਹੁੰਦਾ ਹੈ। ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਾਹਿ-ਸ਼ਹਿਨਸ਼ਾਹ ਦਾ ਦਰਜਾ ਰੱਖਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਨ ਵਾਲੇ ਗ੍ਰੰਥੀ ਗੁਰੂ ਕੇ ਵਜ਼ੀਰ ਕਹਾਉਂਦੇ ਹਨ। ਪਰ ਜੇਕਰ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਸੰਸਥਾਵਾਂ ਇਨ੍ਹਾਂ ਵਜ਼ੀਰਾਂ ਦੇ ਖੀਸਿਆਂ ਤੱਕ ਸ਼ੋਸ਼ਣ ਕਰਨ ਪਹੁੰਚਣ ਤਾਂ ਦੀਵੇ ਥੱਲੇ ਹਨ੍ਹੇਰੇ ਵਾਲੀ ਗੱਲ ਹੋਵੇਗੀ। ਨਿਊਜ਼ੀਲੈਂਡ ਦੀ ਇਕ ਧਾਰਮਿਕ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਜੋ ਕਿ ਸ਼ਰਲੀ ਰੋਡ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾ ਪ੍ਰਬੰਧ ਚਲਾਉਂਦੀ ਹੈ ਅਜਿਹੇ ਹੀ ਇਕ ਮਾਮਲੇ ਵਿਚ 'ਇੰਪਲਾਇਮੈਂਟ ਰਿਲੇਸ਼ਨ ਅਥਾਰਟੀ ਨਿਊਜ਼ੀਲੈਂਡ' ਵੱਲੋਂ ਦੋਸ਼ੀ ਪਾਈ ਗਈ ਹੈ। ਇਥੇ ਦੋ ਰਾਗੀ ਸਿੰਘ ਭਾਈ ਹਰਪ੍ਰੀਤ ਸਿੰਘ ਅਤੇ ਭਾਈ ਜਸਵਿੰਦਰ ਸਿੰਘ 27 ਅਕਤੂਬਰ 2017 ਤੋਂ 7 ਮਈ 2018 ਤੱਕ ਨਿਰਧਾਰਤ ਮਿਹਨਤਾਨੇ ਉਤੇ ਸੇਵਾ ਕਰਨ ਪਹੁੰਚੇ ਸਨ। ਸ਼ਿਕਾਇਤ ਅਨੁਸਾਰ ਇਸ ਦੌਰਾਨ ਉਨ੍ਹਾਂ ਨੂੰ ਕ੍ਰਮਵਾਰ 2000 ਡਾਲਰ ਅਤੇ 1000 ਡਾਲਰ ਹੀ ਪ੍ਰਾਪਤ ਹੋਏ ਹਨ। ਦਰਜ ਸ਼ਿਕਾਇਤ ਵਿਚ ਜਿੱਥੇ ਘੱਟ ਮਿਹਨਤਾਨਾ ਦੇਣ ਦੀ ਗੱਲ ਹੈ ਉਥੇ ਰਿਹਾਇਸ਼ ਦਾ ਪ੍ਰਬੰਧ ਵੀ ਘਟੀਆ ਹੋਣਾ ਦੱਸਿਆ ਗਿਆ ਹੈ। ਨਿਰਧਾਰਤ ਮਿਹਨਤਾਨੇ ਵਿਚ ਲਿਖਿਆ ਗਿਆ ਸੀ ਕੰਮ ਦਾ ਸਮਾਂ ਲੋੜ ਮੁਤਾਬਿਕ ਹੋ ਸਕਦਾ ਹੈ ਪਰ ਸਵੇਰੇ 2 ਘੰਟੇ ਅਤੇ ਸ਼ਾਮ ਨੂੰ 2 ਘੰਟੇ ਰੋਜ਼ਾਨਾ, 2 ਘੰਟੇ ਪੰਜਾਬੀ ਅਤੇ ਗੁਰਬਾਣੀ ਸਿੱਖਿਆ ਬੱਚਿਆਂ ਲਈ ਹਫਤਾਵਾਰੀ, ਹਵਾਈ ਟਿਕਟ ਖਰਚਾ 3000 ਡਾਲਰ ਤੱਕ ਅਤੇ 1000 ਡਾਲਰ ਪ੍ਰਤੀ ਮਹੀਨਾ ਛੁੱਟੀਆਂ ਦੇ ਪੈਸਿਆਂ ਸਮੇਤ ਦਿੱਤੇ ਜਾਣਗੇ।

ਗੱਲ 7 ਮਈ 2018 ਨੂੰ ਵਿਗੜੀ ਜਦੋਂ ਇਕ ਧਾਰਮਿਕ ਮਾਮਲੇ ਨੂੰ ਲੈ ਕੇ ਇਸ ਗੁਰਦੁਆਰਾ ਸਾਹਿਬ ਵਿਖੇ 100 ਦੇ ਕਰੀਬ ਪਹੁੰਚੀ ਸੰਗਤ ਵੱਲੋਂ ਉਥੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਸੱਚਖੰਡ ਵਿਚ ਸਜੇ ਹੋਰ ਸਰੂਪ ਕਿਸੇ ਹੋਰ ਜਗ੍ਹਾ ਉਤੇ ਪਹੁੰਚਾ ਦਿੱਤੇ ਗਏ। ਕਮੇਟੀ ਮੈਂਬਰ ਹਰਨੇਕ ਸਿੰਘ ਨੇ ਇਸ ਘਟਨਾ ਤੋਂ ਅਗਲੇ ਦਿਨ ਰਾਗੀ ਸਿੰਘਾਂ ਨੂੰ ਕਿਹਾ ਕਿ ਹੁਣ ਇਥੇ ਸਰੂਪ ਨਹੀਂ ਹੈ ਤੁਸੀਂ ਚਾਹੁੰਦੇ ਹੋ ਤਾਂ ਵਾਪਿਸ ਇੰਡੀਆ ਜਾ ਸਕਦੇ ਹੋ। ਰਾਗੀ ਸਿੰਘਾਂ ਨੇ ਕਿਹਾ ਕਿ ਸਾਡੇ ਕੋਲ ਵਾਪਿਸ ਜਾਣ ਵਾਸਤੇ ਕੁਝ ਨਹੀਂ ਹੈ। ਅਗਲੇ ਦਿਨ 8 ਮਈ ਨੂੰ ਰਾਗੀ ਸਿੰਘਾਂ ਨੂੰ ਕਿਹਾ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਨ ਲਾਈਨ ਵਰਸ਼ਨ (ਇਲੈਕਟ੍ਰਾਨਿਕ ਡਿਵਾਈਸ) ਉਤੇ ਉਹ ਸਵੇਰੇ ਸ਼ਾਮ ਸੇਵਾ ਕਰ ਸਕਦੇ ਹਨ ਜੋ ਕਿ ਰਾਗੀ ਸਿੰਘਾਂ ਨੇ ਮਨ੍ਹਾ ਕਰ ਦਿੱਤਾ ਤੇ ਮਹਿਸੂਸ ਕੀਤਾ ਕਿ ਹਰਨੇਕ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ਼ ਹੀ ਨਹੀਂ ਰੱਖਦਾ ਜਿਸ ਕਰਕੇ ਉਥੇ ਰਹਿਣ ਦਾ ਕੋਈ ਮਤਲਬ ਨਹੀਂ। ਅਗਲੇ ਦਿਨ ਰਾਗੀ ਸਿੰਘ ਬਿਨਾਂ ਦੱਸੇ ਗੁਰਦੁਆਰਾ ਸਾਹਿਬ ਤੋਂ ਬਾਹਰ ਚਲੇ ਗਏ। ਇਸ ਤੋਂ ਬਾਅਦ ਮਾਮਲਾ ਇੰਪਲਾਇਮੈਂਟ ਰਿਲੇਸ਼ਨ ਕੋਲ ਜਾਂਦਾ ਹੈ । ਰਾਗੀ ਸਿੰਘ 70 ਘੰਟੇ ਤੱਕ ਕੰਮ ਕਰਨ ਦਾ ਦਾਅਵਾ ਕਰਦੇ ਹਨ ਅਤੇ ਪ੍ਰਬੰਧਕ ਇਸ ਦਾਅਵੇ ਨੂੰ ਝੁਠਲਾਉਂਦੇ ਹਨ। ਲੰਬੀ-ਚੌੜੀ ਜਾਂਚ ਪੜਤਾਲ ਬਾਅਦ ਹੁਣ ਪਾਇਆ ਗਿਆ ਕਿ ਸ੍ਰੀ ਗੁਰੂ ਸਿੰਘ ਸਭਾ ਸੰਸਥਾ ਨੇ ਰਾਗੀ ਸਿੰਘਾਂ ਦਾ ਮਿਹਨਤਾਨਾ ਮਾਰਿਆ ਹੈ। ਜਾਂਚ-ਪੜਤਾਲ ਵਿਚ ਹਰਨੇਕ ਸਿੰਘ ਦੇ ਹਵਾਲੇ ਨਾਲ ਲਿਖਿਆ ਗਿਆ ਹੈ ਕਿ ਜੋ ਵਿਅਕਤੀ ਇੰਪਲਾਇਮੈਂਟ ਐਗਰੀਮੈਂਟ ਬਣਾਇਆ ਸੀ ਉਹ ਸਿਰਫ ਇਮੀਗ੍ਰੇਸ਼ਨ ਉਦੇਸ਼ ਵਾਸਤੇ ਹੀ ਬਣਾਇਆ ਗਿਆ ਸੀ ਨਾ ਕਿ ਉਸ ਉਤੇ ਖਰਾ ਉਤਰਨ ਵਾਸਤੇ। ਜਾਂਚ-ਪੜਤਾਲ ਦੇ ਵਿਚ ਸ. ਕੇਵਲ ਸਿੰਘ ਦਾ ਨਾਂਅ ਵੀ ਆਉਂਦਾ ਹੈ ਜੋ ਕਿ ਪ੍ਰੋਗਰਾਮਾਂ ਦੀ ਬੁਕਿੰਗ ਕਰਦੇ ਸਨ।

ਫੈਸਲੇ ਅਨੁਸਾਰ ਇੰਪਲਾਇਮੈਂਟ ਰਿਲੇਸ਼ਨ ਅਥਾਰਟੀ ਨੇ ਸ੍ਰੀ ਗੁਰੂ ਸਿੰਘ ਸਭਾ ਸੰਸਥਾ ਨੂੰ ਆਦੇਸ਼ ਦਿੱਤਾ ਹੈ ਕਿ 14 ਦਿਨ ਦੇ ਅੰਦਰ-ਅੰਦਰ ਭਾਈ ਹਰਪ੍ਰੀਤ ਸਿੰਘ ਨੂੰ 32,133 ਡਾਲਰ ਅਤੇ 14 ਦਿਨਾਂ ਦੇ ਅੰਦਰ-ਅੰਦਰ ਭਾਈ ਜਸਵਿੰਦਰ ਸਿੰਘ ਨੂੰ 34383 ਡਾਲਰ ਮਿਹਨਤਾਨਾ ਜਿਸ ਦੇ ਵਿਚ ਤਨਖਾਹ, ਛੁੱਟੀਆਂ ਦੇ ਪੈਸੇ, ਇੰਪਲਾਇਮੈਂਟ ਕਾਨੂੰਨ ਦਾ ਉਲੰਘਣ ਆਦਿ ਸ਼ਾਮਿਲ ਹੈ ਦਿੱਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਫੈਸਲਾ ਹੈ ਕਿ 40,000 ਡਾਲਰ ਜ਼ੁਰਮਾਨੇ ਵੱਜੋਂ ਇੰਪਲਾਇਮੈਂਟ ਰਿਲੇਸ਼ਨ ਅਥਾਰਟੀ ਨੂੰ ਅਦਾ ਕੀਤੇ ਜਾਣ ਜਿਸ ਦੇ ਵਿਚ ਇੰਪਲਾਇਮੈਂਟ ਰਿਲੇਸ਼ਨ ਐਕਟ ਦੇ ਦੋ ਉਲੰਘਣ, ਘੱਟੋ-ਘੱਟ ਮਿਹਨਤਾਨੇ ਦੇ 4 ਦੋਸ਼ ਸ਼ਾਮਿਲ ਹਨ। ਇਹ ਜ਼ੁਰਮਾਨਾ 28 ਦਿਨਾਂ ਦੇ ਵਿਚ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਵਕੀਲ ਦਾ ਖਰਚਾ ਅਜੇ ਵੱਖਰਾ ਹੈ। ਸਿੱਖ ਅਵੇਅਰ ਨਿਊਜ਼ੀਲੈਂਡ ਤੋਂ ਹਰਪ੍ਰੀਤ ਸਿੰਘ ਨੇ ਇਸ ਸਾਰੇ ਮਾਮਲੇ ਵਿਚ ਅਹਿਮ ਭੂਮਿਕਾ ਨਿਭਾਉਂਦਿਆਂ ਦੋਨਾਂ ਪੀੜ੍ਹਤ ਰਾਗੀ ਸਿੰਘਾਂ ਦੀ ਰਸਮੀ ਹਮਾਇਤ ਕੀਤੀ ਹੈ।

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
$1,000
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■Ministry of Community Safety and Correctional Services approved.■We speak English, Hindi, Punjabi &Urdu.
■Training by Professional Instructors. First Aid & CPR certification included.■Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਹਰ ਪਲ ਦਾ ਭਰਪੂਰ ਆਨੰਦ ਲੈ ਰਹੀ ਹਾਂ : ਤਾਰਾ ਸੁਤਾਰੀਆ

ਕਰਣ ਜੌਹਰ ਦੀ ਫਿਲਮ 'ਸਟੂਡੈਂਟ ਆਫ ਦੀ ਈਅਰ 2' ਨਾਲ ਡੈਬਿਊ ਕਰਨ ਵਾਲੀ ਤਾਰਾ ਸੁਤਾਰੀਆ ਜਲਦੀ ਹੀ ਆਪਣੀ ਦੂਜੀ ਫਿਲਮ 'ਮਰਜਾਵਾਂ' ਵਿੱਚ ਨਜ਼ਰ ਆਏਗੀ ਤੇ ਇਸ ਵਿੱਚ ਸਿਧਾਰਥ ਮਲਹੋਤਰਾ ਦੇ ਆਪੋਜ਼ਿਟ ਹੋਵੇਗੀ। ਫਿਲਮ ਦਾ ਟ੍ਰੇਲਰ ਰਿਲੀਜ਼ ਹੋ ਚੁੱਕਾ ਹੈ ਅਤੇ ਫਿਲਮ 'ਚ ਤਾਰਾ ਦਾ ਇੱਕ ਵੀ ਡਾਇਲਾਗ ਨਹੀਂ ਹੋਵੇਗਾ। ਟ੍ਰੇਲਰ 'ਚ ਰਿਤੇਸ਼ ਅਤੇ ਸਿਧਾਰਥ ਨੂੰ ਡਾਇਲਾਗ ਬੋਲਦੇ ਦੇਖਿਆ ਗਿਆ, ਜਦ ਕਿ ਤਾਰਾ ਇਸ਼ਾਰਿਆਂ 'ਚ ਗੱਲ ਕਰਦੀ ਨਜ਼ਰ ਆਈ। ਤਾਰਾ ਨੇ ਕੰਫਰਮ ਕੀਤਾ ਹੈ ਕਿ ਇਸ ਫਿਲਮ ਵਿੱਚ ਉਸ ਦਾ ਰੋਲ ਇੱਕ ਗੂੰਗੀ ਲੜਕੀ ਦਾ ਹੈ। ਇਸ ਫਿਲਮ ਅਤੇ ਹੋਰ ਕਈ ਮੁੱਦਿਆਂ 'ਤੇ ਖੂਬਸੂਰਤ ਤਾਰਾ ਨਾਲ ਗੱਲਬਾਤ ਹੋਈ। ਪੇਸ਼ ਹਨ ਇਸ ਗੱਲਬਾਤ ਦੇ ਕੁਝ ਅੰਸ਼ :



* 'ਮਰਜਾਵਾਂ' ਵਿੱਚ ਆਪਣੇ ਰੋਲ ਬਾਰੇ ਕੁਝ ਦੱਸੋ?

– ਮੈਨੂੰ 'ਮਰਜਾਵਾਂ' ਵੱਲੋਂ ਆਕਰਸ਼ਿਤ ਕਰਨ ਦੀ ਵਜ੍ਹਾ ਫਿਲਮ ਦਾ ਕਿਰਦਾਰ ਜੋਇਆ ਸੀ, ਜੋ ਬੋਲ ਨਹੀਂ ਸਕਦੀ। ਇਸ ਲਈ ਫਿਲਮ ਸ਼ੁਰੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਮੈਨੂੰ ਸਾਈਨ ਲੈਂਗੁਵੇਜ ਟਰੇਨਿੰਗ ਲੈਣੀ ਪਈ। ਇਸ ਨਾਲ ਮੈਨੂੰ ਫਿਲਮ ਲਈ ਬਹੁਤ ਮਦਦ ਮਿਲੀ। ਇਹ ਕਿਰਦਾਰ ਮੇਰੇ ਲਈ ਅਜਿਹੀ ਚੁਣੌਤੀ ਸੀ, ਜਿਸ 'ਤੇ ਖਰਾ ਉਤਰਨਾ ਹੀ ਮੇਰੇ ਅਭਿਨੈ ਦੀ ਮਜ਼ਬੂਤੀ ਹੈ। ਕਿਰਦਾਰ ਵਿੱਚ ਸਹਿਜ ਤਰੀਕੇ ਨਾਲ ਢਲਣ ਲਈ ਮੈਨੂੰ ਲੱਗਾ ਕਿ ਸਭ ਤੋਂ ਪਹਿਲਾਂ ਸਾਈਨ ਲੈਂਗੁਏਜ਼ ਸਿੱਖਣਾ ਜ਼ਰੂਰੀ ਹੈ। ਇਸ ਦੇ ਲਈ ਮੈਂ ਇਸ਼ਾਰਿਆਂ ਵਿੱਚ ਗੱਲਾਂ ਕਰਨਾ ਸਿਖਾਉਣ ਵਾਲੀ ਟੀਚਰ ਸੰਗੀਤ ਗਾਲਾ ਤੋਂ ਪੂਰੇ ਦੋ ਮਹੀਨੇ ਦੀ ਟਰੇਨਿੰਗ ਲਈ ਹੈ।

* ਸਾਈਨ ਲੈਂਗੁਏਜ਼ ਬਾਰੇ ਤੁਹਾਡੀ ਕੀ ਰਾਏ ਹੈ?

– ਇਹੀ ਕਿ ਇਹ ਕਮਿਊਨੀਕੇਸ਼ਨ ਕਰਨ ਦਾ ਸ਼ਾਨਦਾਰ ਤਰੀਕਾ ਹੈ। ਨਵੀਆਂ ਥਾਵਾਂ 'ਤੇ ਟਰੈਵਲ ਕਰਦੇ ਸਮੇਂ ਜਿੱਥੋਂ ਦੀ ਭਾਸ਼ਾ ਨਾਲ ਤੁਸੀਂ ਵਾਕਿਫ ਨਾ ਹੋਵੇ, ਇਹ ਤੁਹਾਡੇ ਬਹੁਤ ਕੰਮ ਆ ਸਕਦੀ ਹੈ।

* ਫਿਲਮਾਂ ਵਿੱਚ ਡੈਬਿਊ ਤੋਂ ਬਾਅਦ ਤੁਹਾਡੇ ਜੀਵਨ 'ਚ ਕੀ ਤਬਦੀਲੀ ਆਈ ਹੈ?

– ਕੀ ਕਹਾਂ, ਇਸ ਸਮੇਂ ਮੈਂ ਕਾਫੀ ਰੁੱਝੀ ਹਾਂ ਅਤੇ ਹਰ ਪਲ ਦਾ ਆਨੰਦ ਲੈ ਰਹੀ ਹਾਂ। ਮੈਂ ਦੂਜੀ ਫਿਲਮ 'ਮਰਜਾਵਾਂ' ਦੀ ਸ਼ੂਟਿੰਗ ਪੂਰੀ ਕਰ ਲਈ ਹੈ ਜਿਸ ਬਾਰੇ ਮੈਂ ਕਾਫੀ ਉਤਸ਼ਾਹਤ ਹਾਂ। ਅਜੇ ਮੈਂ ਆਪਣੀ ਤੀਜੀ ਫਿਲਮ 'ਆਰ ਐਕਸ 100' ਦੇ ਲਈ ਵਰਕਸ਼ਾਪ ਵਿੱਚ ਹਿੱਸਾ ਲੈ ਰਹੀ ਹਾਂ ਜਿਸ ਦੀ ਸ਼ੂਟਿੰਗ ਵੀ ਜਲਦੀ ਸ਼ੁਰੂ ਹੋਵੇਗੀ।

* ਡਿਜ਼ਨੀ ਚੈਨਲ ਲਈ ਵੀ ਜੇ ਦੇ ਰੂਪ ਵਿੱਚ ਕਰੀਅਰ ਸ਼ੁਰੂ ਕਰਨ ਤੋਂ ਲੈ ਕੇ ਅੱਜ ਤੱਕ ਦਾ ਸਫਰ ਕਿਹੋ ਜਿਹਾ ਰਿਹਾ?

– ਮੈਂ 13 ਸਾਲ ਦੀ ਉਮਰ ਵਿੱਚ ਐਕਟਿੰਗ ਸ਼ੁਰੂ ਕੀਤੀ ਸੀ ਅਤੇ 23 ਸਾਲ ਦੀ ਹੋ ਗਈ ਹਾਂ, ਭਾਵ ਮਨੋਰੰਜਨ ਜਗਤ 'ਚ ਮੈਨੂੰ 10 ਸਾਲ ਹੋ ਗਏ ਹਨ। ਮੈਂ ਇਹ ਦੇਖਣ ਲਈ ਬੇਸਬਰੀ ਨਾਲ ਉਡੀਕ ਕਰ ਰਹੀ ਹਾਂ ਕਿ ਮੇਰੇ ਲਈ ਭਵਿੱਖ ਵਿੱਚ ਕੀ ਹੈ। ਮੈਂ ਪ੍ਰਫਾਰਮ ਅਤੇ ਸਿੰਗਿੰਗ ਕਰਦੇ ਹੋਏ ਹੀ ਵੱਡੀ ਹੋਈ ਹਾਂ, ਪਰ ਪੜ੍ਹਾਈ ਕਾਰਨ ਮੈਂ ਇਸ ਨੂੰ ਛੱਡ ਦਿੱਤਾ ਸੀ।

* ਕੀ ਤੁਸੀਂ ਹਮੇਸ਼ਾ ਇੱਕ ਅਭਿਨੇਤਰੀ ਬਣਨਾ ਚਾਹੁੰਦੇ ਸੀ?

–ਸੱਚ ਕਹਾਂ ਤਾਂ ਮੈਂ ਹਮੇਸ਼ਾ ਤੋਂ ਸਿੰਗਰ ਬਣਨਾ ਚਾਹੁੰਦੀ ਸੀ, ਪਰ ਮੈਂ ਕਾਲਜ 'ਚ ਸੀ ਤਾਂ ਮੈਂ ਅਭਿਨੈ 'ਤੇ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਮੈਂ ਮਿਊਜ਼ੀਕਲ ਥੀਏਟਰ ਵਿੱਚ ਕੰਮ ਕਰ ਰਹੀ ਸੀ।

* ਤੁਸੀਂ ਫਿਲਮੀ ਪਿਛੋਕੜ ਤੋਂ ਨਹੀਂ ਹੋ। ਕੀ ਤੁਹਾਨੂੰ ਲੱਗਦਾ ਹੈ ਕਿ ਫਿਲਮ ਨਗਰੀ ਵਿੱਚ ਸਫਲਤਾ ਲਈ ਤੁਹਾਨੂੰ ਵੱਧ ਮਿਹਨਤ ਕਰਨੀ ਪਈ ਹੈ?

– ਭਾਵੇਂ ਕੋਈ ਫਿਲਮੀ ਪਰਵਾਰ ਤੋਂ ਹੋਵੇ ਜਾਂ ਨਾ, ਇਥੋਂ ਦੇ ਹਰ ਨਵੇਂ ਕਲਾਕਾਰ ਨੂੰ ਲਗਭਗ ਇੱਕੋ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਤੁਸੀਂ ਆਪਣਾ ਕੰਮ ਚੰਗਾ ਕਰਨਾ ਹੈ ਅਤੇ ਆਪਣਾ ਸਰਵਸ਼੍ਰੇਸ਼ਠ ਦੇਣਾ ਹੈ। ਇਹ ਗੱਲ ਫਿਲਮ ਨਗਰੀ ਅਤੇ ਬਾਹਰ ਦੋਵਾਂ ਨਾਲ ਜੁੜੇ ਲੋਕਾਂ 'ਤੇ ਲਾਗੂ ਹੁੰਦੀ ਹੈ।

## ਕਲਾ ਨੂੰ ਘੇਰੇ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ : ਨੀਲ ਨਿਤਿਨ ਮੁਕੇਸ਼

ਇਸ ਸਾਲ ਰਿਲੀਜ਼ ਹੋਈ ਫਿਲਮ 'ਸਾਹੋ' ਵਿੱਚ ਨੀਲ ਨਿਤਿਨ ਮੁਕੇਸ਼ ਦਾ ਕਿਰਦਾਰ ਕਾਫੀ ਪਸੰਦ ਕੀਤਾ ਗਿਆ ਸੀ। ਅਗੇ ਦਿਨਾਂ ਵਿੱਚ ਉਹ ਆਪਣੇ ਪ੍ਰੋਡਕਸ਼ਨ ਹਾਊਸ ਵਿੱਚ ਬਣ ਰਹੀ ਫਿਲਮ 'ਬਾਇਪਾਸ ਰੋਡ' ਵਿੱਚ ਨਜ਼ਰ ਆਉਣਗੇ। ਗਾਇਕ ਮੁਕੇਸ਼ ਦੇ ਪੋਤੇ ਅਤੇ ਨਿਤਿਨ ਮੁਕੇਸ਼ ਦੇ ਬੇਟੇ ਨੀਲ ਐਕਟਿੰਗ ਦੀ ਦੁਨੀਆ ਵਿੱਚ ਆਪਣੇ ਅਲੱਗ ਕਿਰਦਾਰਾਂ ਦੀ ਵਜ੍ਹਾ ਨਾਲ ਆਪਣੀ ਪਛਾਣ ਕਾਇਮ ਰੱਖੀ ਹੈ। ਪਰਵਾਰ ਦੀ ਗਾਇਕੀ ਦੀ ਵਿਰਾਸਤ ਨੂੰ ਅੱਗੇ ਲੈ ਕੇ ਆਉਣ ਦੀ ਥਾਂ ਨੀਲ ਨੇ ਐਕਟਿੰਗ ਦੇ ਖੇਤਰ ਨੂੰ ਚੁਣਿਆ। ਜਦ ਨੀਲ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ 'ਤੇ ਪਰਵਾਰ ਵੱਲੋਂ ਗਾਇਕੀ ਦੀ ਵਿਰਾਸਤ ਨੂੰ ਅੱਗੇ ਵਧਾਉਣ ਦਾ ਦਬਾਅ ਰਿਹਾ ਹੈ, ਤਾਂ ਨੀਲ ਨੇ ਦੱਸਿਆ ਕਿ ਅਜਿਹਾ ਕਦੇ ਨਹੀਂ ਰਿਹਾ।



ਨੀਲ ਨੇ ਕਿਹਾ ਕਿ ਉਸ ਦੇ ਪਿਤਾ ਨੇ ਹਮੇਸ਼ਾ ਉਸ ਨੂੰ ਇਹੀ ਸਿਖਾਇਆ ਹੈ ਕਿ ਉਹ ਕਲਾਕਾਰ ਹੈ ਅਤੇ ਕਲਾਕਾਰ ਦਾ ਕੋਈ ਰੂਪ ਨਹੀਂ ਹੁੰਦਾ। ਕਲਾ ਨੂੰ ਕਿਸੇ ਘੇਰੇ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ਚਾਹੇ ਗਾਇਕ ਹੋਵੇ, ਨਿਰਦੇਸ਼ਕ ਹੋਵੇ ਜਾਂ ਫਿਰ ਅਭਿਨੇਤਾ, ਇਹ ਸਭ ਕਲਾਕਾਰ ਹਨ। ਘਰ ਵਿੱਚ ਕਦੇ ਕਿਸੇ ਵੱਲੋਂ ਕੋਈ ਪਾਬੰਦੀ ਨਹੀਂ ਰਹੀ। ਨੀਲ ਕਹਿੰਦੇ ਹਨ, ਪਾਪਾ ਨੂੰ ਗਾਇਕੀ ਵਿਰਾਸਤ ਵਿੱਚ ਮਿਲੀ ਸੀ, ਪਰ ਉਨ੍ਹਾਂ ਦਾ ਹਮੇਸ਼ਾ ਇਹੀ ਮੰਨਣਾ ਰਿਹਾ ਕਿ ਨੀਲ ਤੇ ਉਸ ਦੇ ਛੋਟੇ ਭਰਾ ਨਮਨ ਵਿੱਚ ਗਾਇਣ ਨਾਲੋਂ ਅਲੱਗ ਹੁਨਰ ਹੈ। ਨੀਲ ਦੀ ਬੇਟੀ ਨੁਰਵੀ ਇੱਕ ਸਾਲ ਦੀ ਹੈ। ਉਸ ਦਾ ਮੰਨਣਾ ਹੈ ਕਿ ਹੋ ਸਕਦਾ ਹੈ ਕਿ ਉਸ ਦੀ ਬੇਟੀ ਵੀ ਵੱਡੀ ਹੋ ਕੇ ਕਲਾਕਾਰ ਬਣੇ। ਉਹ ਕਹਿੰਦੇ ਹਨ ਕਿ ਨੁਰਵੀ ਅਭਿਨੇਤਰੀ, ਨਿਰਦੇਸ਼ਕ, ਨਿਰਮਾਤਾ ਜੋ ਬਣਨਾ ਚਾਹੁੰਦੀ ਹੈ, ਬਣ ਸਕਦੀ ਹੈ। ਉਸ ਨੂੰ ਕੀ ਬਣਨਾ ਹੈ, ਇਹ ਉਸ 'ਤੇ ਨਿਰਭਰ ਕਰੇਗਾ।

## 'ਬਾਲਾ' ਵਿੱਚ ਅਲਕੋਹਲ ਬੇਸਡ ਮੇਕੱਪ ਨਾਲ ਭੂਮੀ ਪੇਡਨੇਕਰ ਨੂੰ ਦਿੱਤਾ ਗਿਆ ਸਕਿਨ ਟੋਨ ਲੁਕ



ਆਉਣ ਵਾਲੀ ਫਿਲਮ 'ਬਾਲਾ' ਵਿੱਚ ਦੋਵਾਂ ਲੀਡ ਕਰੈਕਟਰ ਅਲੱਗ ਲੁਕ ਵਿੱਚ ਨਜ਼ਰ ਆਉਣਗੇ। ਉਨ੍ਹਾਂ ਦੇ ਇਸ ਲੁਕ ਨੂੰ ਕ੍ਰਿਏਟ ਕਰਨ ਵਿੱਚ ਪ੍ਰੋਸਥੈਟਿਕ ਅਤੇ ਮੇਕਅਪ ਨੇ ਅਹਿਮ ਰੋਲ ਨਿਭਾਇਆ ਹੈ। ਫਿਲਮ ਵਿੱਚ ਜਿੱਥੇ ਆਯੁਸ਼ਮਾਨ ਖੁਰਾਣਾ ਨੂੰ ਗੰਜਾ ਦਿਖਾਇਆ ਜਾਏਗਾ, ਉਥੇ ਭੂਮੀ ਪੇਡਨੇਕਰ ਨੂੰ ਡਾਰਕ ਸਕਿਨ ਟੋਨ ਲੁਕ ਦਿੱਤਾ ਗਿਆ ਹੈ। ਆਯੁਸ਼ਮਾਨ ਦਾ ਲੁਕ ਪ੍ਰੋਸਥੈਟਿਕ ਅਤੇ ਸਕਲ ਕੈਪ ਦੀ ਮਦਦ ਨਾਲ ਤਿਆਰ ਕੀਤਾ ਗਿਆ ਸੀ, ਪਰ ਭੂਮੀ ਦੇ ਲੁਕ ਲਈ ਮੇਕਰਸ ਨੇ ਅਲਕੋਹਲ ਬੇਸਡ ਮੇਕਅਪ ਦਾ ਸਹਾਰਾ ਲਿਆ।

ਫਿਲਮ ਵਿੱਚ ਭੂਮੀ ਦਾ ਕਿਰਦਾਰ ਸਾਂਵਲੇ ਰੰਗ ਦਾ ਦਿਖਾਇਆ ਗਿਆ ਹੈ। ਆਮ ਧਾਰਨਾ ਇਹ ਹੈ ਕਿ ਕਲਾਕਾਰਾਂ ਨੂੰ ਸਾਂਵਲੇ ਰੰਗ ਵਿੱਚ ਦਿਖਾਉਣ ਦੇ ਲਈ ਕਲਰ ਅਤੇ ਟਚ ਅਪ ਨਾਲ ਕੰਮ ਹੋ ਜਾਂਦਾ ਹੈ, ਪਰ ਫਿਲਮ ਦੀ ਮੇਕਅਪ ਟੀਮ ਨੇ ਕਈ ਐਕਸਪੈਰੀਮੈਂਟ ਕੀਤੇ। ਭੂਮੀ ਦੇ ਮੇਕਅਪ ਵਿੱਚ ਕਰੀਬ ਦੋ ਤੋਂ ਢਾਈ ਘੰਟੇ ਸਮਾਂ ਲੱਗਦਾ ਸੀ। ਇਸ ਦੌਰਾਨ ਉਹ ਮਿਊਜ਼ਿਕ ਸੁਣਦੀ ਸੀ। ਭੂਮੀ ਦੇ ਮੇਕਅਪ ਲਈ ਚਿਹਰੇ 'ਤੇ ਡਾਰਕ ਕਲਰ ਨਾਲ ਪੇਂਟ ਕਰਨ ਦੇ ਬਜਾਏ ਇੱਕ ਅਲਕੋਹਲ ਬੇਸਡ ਮੇਕਅਪ ਤਿਆਰ ਕੀਤਾ ਗਿਆ। ਇਸ ਨੂੰ ਚਿਹਰੇ 'ਤੇ ਹੌਲੀ-ਹੌਲੀ ਸਪਰੇਅ ਕੀਤਾ ਜਾਂਦਾ ਸੀ। ਇਹ ਸਭ ਟੂਥਬ੍ਰਸ਼ ਵਰਗੇ ਟੂਲ ਨਾਲ ਮੇਕਅਪ ਪੇਸਟ ਨੂੰ ਛਿੜਕ-ਛਿੜਕ ਕੇ ਕੀਤਾ ਜਾਂਦਾ ਸੀ। ਸ਼ੂਟਿੰਗ ਮੌਕੇ ਵੱਖ-ਵੱਖ ਟਾਈਮ ਇੰਟਰਵਲ ਵਿੱਚ ਉਸ ਦੇ ਮੇਕਅਪ ਦੀ ਲੇਅਰਿੰਗ ਕੀਤੀ ਜਾਂਦੀ ਸੀ। ਡਾਇਰੈਕਟਰ ਅਮਰ ਕੌਸ਼ਿਕ ਦੱਸਦੇ ਹਨ, ਇਸ ਮੇਕਅਪ ਦੇ ਨਾਲ ਭੂਮੀ ਦਾ ਚਿਹਰਾ ਸ਼ੁਰੂ ਵਿੱਚ ਭਾਵੇਂ ਅਟਪਟਾ ਲੱਗੇ, ਪਰ ਜਦ ਤੁਸੀਂ ਫਿਲਮ ਦੇਖੋਗੇ ਤਾਂ ਇਸ ਦੇ ਆਦੀ ਹੋ ਜਾਓਗੇ।

## ਕਿਆਰਾ ਕੋਲ ਫਿਲਮਾਂ ਦੀ ਲਾਈਨ

'ਕਬੀਰ ਸਿੰਘ' ਦੀ ਸਫਲਤਾ ਦੇ ਬਾਅਦ ਅੱਜਕੱਲ੍ਹ ਅਭਿਨੇਤਰੀ ਕਿਆਰਾ ਅਡਵਾਨੀ ਦੀਆਂ ਪੰਜੇ ਉਂਗਲਾਂ ਘਿਓ ਵਿੱਚ ਹਨ। ਉਸ ਕੋਲ ਇੱਕ ਦੇ ਬਾਅਦ ਇੱਕ ਲਗਾਤਾਰ ਕਈ ਵੱਡੀਆਂ ਫਿਲਮਾਂ ਦੇ ਆਫਰ ਆ ਰਹੇ ਹਨ। ਸਾਲ 2020 ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸ ਸਾਲ ਲਈ ਉਸ ਦੇ ਕੋਲ ਚਾਰ ਫਿਲਮਾਂ ਆ ਗਈਆਂ ਹਨ। ਉਸ ਨੇ ਆਪਣੀ ਆਉਣ ਵਾਲੀ ਰੋਮਾਂਟਿਕ ਕਾਮੇਡੀ ਫਿਲਮ 'ਇੰਦੂ ਕੀ ਜਵਾਨੀ' ਦੀ ਸ਼ੂਟਿੰਗ ਕਰ ਦਿੱਤੀ ਹੈ। ਇਸ ਫਿਲਮ ਦੀ ਸ਼ੂਟਿੰਗ ਲਖਨਊ ਵਿੱਚ ਹੋ ਰਹੀ ਹੈ। ਫਿਲਮ ਵਿੱਚ ਕਿਆਰਾ ਦੇ ਨਾਲ ਆਦਿੱਤਯ ਸੀਲ ਮੁੱਖ ਭੂਮਿਕਾ ਵਿੱਚ ਹੋਣਗੇ। ਅਦਿੱਤਯ ਇਸ ਤੋਂ ਪਹਿਲਾਂ 'ਤੁਮ ਬਿਨ 2' ਅਤੇ 'ਸਟੂਡੈਂਟ ਆਫ ਦਿ ਈਅਰ' ਵਰਗੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੇ ਹਨ। ਫਿਲਮ 'ਇੰਦੂ ਕੀ ਜਵਾਨੀ' ਨਾਲ ਡਾਇਰੈਕਟਰ ਅਬੀਰ ਸੇਨਗੁਪਤਾ ਹਿੰਦੀ ਸਿਨੇਮਾ ਵਿੱਚ ਨਿਰਦੇਸ਼ਨ ਦੀ ਪਾਰੀ ਸ਼ੁਰੂ ਕਰ ਰਹੇ ਹਨ। ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਨਾਲ ਕਿਆਰਾ ਬੇਹੱਦ ਉਤਸ਼ਾਹਤ ਹੈ। ਫਿਲਮ ਨੂੰ ਸਾਈਨ ਕਰਨ ਦੇ ਬਾਅਦ ਤੋਂ ਉਹ ਇੰਦੂ ਦੇ ਕਿਰਦਾਰ ਦੀ ਤਿਆਰੀ ਕਰ ਰਹੀ ਸੀ। ਮੌਜੂਦਾ ਸਮੇਂ ਵਿੱਚ ਕਿਆਰਾ ਕੋਲ 'ਗੁੱਡ ਨਿਊਜ਼', 'ਲਛਮੀ ਬੰਬ', 'ਸ਼ੇਰਸ਼ਾਹ' ਅਤੇ 'ਭੂਲ ਭੁਲੱਈਆਂ 2' ਵਰਗੀਆਂ ਵੱਡੀਆਂ ਫਿਲਮਾਂ ਹਨ। ਫਿਲਮ 'ਗੁੱਡ ਨਿਊਜ਼' ਵਿੱਚ ਕਿਆਰਾ ਅਕਸ਼ੈ ਕੁਮਾਰ ਤੇ ਕਰੀਨਾ ਕਪੂਰ ਖਾਨ ਨਾਲ ਨਜ਼ਰ ਆਏਗੀ।




## ਸਭ ਕੁਝ ਆਪਣੇ ਦਮ ਉੱਤੇ ਸਿਖਿਆ : ਰਿਤੇਸ਼ ਦੇਸ਼ਮੁੱਖ

ਰਿਤੇਸ਼ ਦੇਸ਼ਮੁੱਖ ਨੇ ਸਾਲ 2003 ਵਿੱਚ ਫਿਲਮ 'ਤੁਝੇ ਮੇਰੀ ਕਸਮ' ਨਾਲ ਡੈਬਿਊ ਕੀਤਾ, ਜੋ ਇੱਕ ਰੋਮਾਂਟਿਕ ਫਿਲਮ ਸੀ, ਪਰ ਉਨ੍ਹਾਂ ਦੀ ਪਛਾਣ ਫਿਲਮ ਨਗਰੀ ਵਿੱਚ ਬਤੌਰ ਕਾਮੇਡੀ ਐਕਟਰ ਬਣੀ, ਕਿਉਂਕਿ ਉਹ ਲਗਾਤਾਰ ਕਾਮੇਡੀ ਫਿਲਮਾਂ ਕਰਦੇ ਰਹੇ। ਫਿਲਮ 'ਧਮਾਲ', 'ਕਯਾ ਕੂਲ ਹੈਂ ਹਮ', 'ਮਸਤੀ', 'ਹਾਊਸਫੁਲ' ਦੀਆਂ ਤਿੰਨਾਂ ਸੀਰੀਜ਼ ਦਾ ਹਿਸਾ ਬਣ ਕੇ ਲੋਕਾਂ ਨੂੰ ਹਸਾਇਆ, ਪਰ ਫਿਲਮ 'ਏਕ ਵਿਲੇਨ' ਵਿੱਚ ਨਿਭਾਏ ਨੈਗੇਟਿਵ ਕਿਰਦਾਰ ਲਈ ਵੀ ਦਰਸ਼ਕਾਂ ਨੇ ਖੂਬ ਸ਼ਲਾਘਾ ਕੀਤੀ। ਪਿਛਲੇ ਹਫਤੇ ਉਸ ਦੀ ਫਿਲਮ 'ਹਾਊਸਫੁੱਲ 4' ਰਿਲੀਜ਼ ਹੋਈ ਹੈ ਅਤੇ ਉਹ ਫਿਲਮ 'ਮਰਜਾਵਾਂ' ਵਿੱਚ ਇੱਕ ਵਾਰ ਫਿਰ ਤੋਂ ਨੈਗੇਟਿਵ ਕਿਰਦਾਰ 'ਚ ਨਜ਼ਰ ਆਉਣਗੇ। ਪੇਸ਼ ਹਨ ਰਿਤੇਸ਼ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ :



* ਤੁਹਾਡੀ ਪਿਛਲੀ ਫਿਲਮ 'ਟੋਟਲ ਧਮਾਲ' ਨੇ ਉਹੋ ਜਿਹਾ ਕਮਾਲ ਨਹੀਂ ਕੀਤਾ, ਜਿਹੋ ਜਿਹਾ 'ਧਮਾਲ' ਨੇ ਕੀਤਾ ਸੀ। ਕੀ ਕਹੋਗੇ?

– ਜਦੋਂ 'ਟੋਟਲ ਧਮਾਲ' ਬਣ ਰਹੀ ਸੀ ਤਾਂ ਲੱਗਾ ਕਿ ਪੁਰਾਣੇ ਕਾਂਸੈਪਟ ਨੂੰ ਦੁਹਰਾਉਣਾ ਨਹੀਂ ਚਾਹੀਦਾ, ਕੁਝ ਨਵਾਂ ਕਰਦੇ ਹਾਂ। ਅਜਿਹੇ 'ਚ 'ਟੋਟਲ ਧਮਾਲ' ਵਿਚ ਬਹੁਤ ਕੁਝ ਨਵਾਂ ਕੀਤਾ ਗਿਆ। ਕਹਾਣੀ ਬਦਲੀ ਤਾਂ ਅਜੈ ਦੇਵਗਨ, ਅਨਿਲ ਕਪੂਰ ਤੇ ਮਾਧੁਰੀ ਦੀਕਸ਼ਿਤ ਵਰਗੇ ਕਲਾਕਾਰ ਵੀ ਇਸ ਨਾਲ ਜੁੜੇ, ਭਾਵ ਇੱਕ ਵੰਡਰਫੁੱਲ ਫਿਲਮ ਬਣੀ। ਮੈਂ ਇਹ ਮੰਨਣ ਲਈ ਤਿਆਰ ਨਹੀਂ ਕਿ ਫਿਲਮ ਨੇ ਬਿਹਤਰ ਕਾਰੋਬਾਰ ਨਹੀਂ ਕੀਤਾ। ਸੱਚ ਇਹ ਹੈ ਕਿ ਫਿਲਮ ਦੀ ਕਮਾਈ ਨਾਲ ਨਿਰਮਾਤਾ-ਨਿਰਦੇਸ਼ਕ ਦੋਵੇਂ ਖੁਸ਼ ਹਨ।

* ਕਾਮੇਡੀ ਕਰਦੇ ਕਰਦੇ ਇਕਦਮ ਨੈਗੇਟਿਵ ਕਿਰਦਾਰ ਕਰਨ ਦੀ ਕੀ ਵਜ੍ਹਾ ਰਹੀ?

– ਹਾਂ, 'ਏਕ ਵਿਲੇਨ' ਤੋਂ ਬਾਅਦ ਮੈਂ ਫਿਲਮ 'ਮਰਜਾਵਾਂ' ਵਿੱਚ ਇੱਕ ਵਾਰ ਫਿਰ ਨੈਗੇਟਿਵ ਰੋਲ ਕੀਤਾ ਹੈ, ਪਰ ਅਜਿਹਾ ਮੈਂ ਸਿਰਫ ਖੁਦ ਨੂੰ ਪਰੂਵ ਕਰਨ ਲਈ ਕੀਤਾ। ਹਾਲਾਂਕਿ ਮੈਂ ਦੋਵਾਂ ਤਰ੍ਹਾਂ ਦੇ ਕਿਰਦਾਰਾਂ ਨੂੰ ਕਾਫੀ ਇੰਜੁਆਏ ਕਰਦਾ ਹਾਂ। ਜਦੋਂ ਗੱਲ ਨੈਗੇਟਿਵ ਰੋਲ ਕਰਨ ਦੀ ਆਉਂਦੀ ਹੈ ਤਾਂ ਮੇਰੇ 'ਤੇ ਪ੍ਰੈਸ਼ਰ ਡਬਲ, ਟ੍ਰਿਪ ਹੋ ਜਾਂਦਾ ਹੈ। ਲੋਕਾਂ ਨੂੰ ਲੱਗਦਾ ਹੈ ਕਿ ਕਾਮੇਡੀ ਤਾਂ ਮੈਂ ਕਰ ਰਿਹਾ ਲੈਂਦਾ ਹਾਂ, ਪਰ ਨੈਗੇਟਿਵ ਕਿਰਦਾਰ ਕਰ ਸਕਾਂਗਾ ਵੀ ਜਾਂ ਨਹੀਂ? ਚਲੋ ਮੰਨਿਆ ਮੈਂ ਕਰ ਵੀ ਲਿਆ ਤਾਂ ਕੀ ਦਰਸ਼ਕ ਮੈਨੂੰ ਨੈਗੇਟਿਵ ਰੋਲ ਵਿੱਚ ਸਵੀਕਾਰ ਕਰਨਗੇ? ਇਹ ਇੱਕ ਚੁਣੌਤੀ ਹੈ।

* ਤੁਹਾਡੇ ਖਾਤੇ 'ਚ ਮਲਟੀਸਟਾਰਰ ਫਿਲਮਾਂ ਹੀ ਜ਼ਿਆਦਾ ਹਨ। ਅਜਿਹਾ ਕਿਉਂ?

– ਕਿਉਂਕਿ ਅਜਿਹੀਆਂ ਫਿਲਮਾਂ ਕਰਨ 'ਚ ਮੈਨੂੰ ਕੋਈ ਸਮੱਸਿਆ ਨਹੀਂ। ਮੇਰੇ ਲਈ ਚੰਗਾ ਕਿਰਦਾਰ ਅਤੇ ਚੰਗੀ ਸਕ੍ਰਿਪਟ ਮਾਇਨੇ ਰੱਖਦੀ ਹੈ। ਮੇਰਾ ਮੰਨਣਾ ਹੈ ਕਿ ਪਹਿਲੀ ਵਾਰ ਜਦੋਂ ਤੁਸੀਂ ਇੱਕ ਮਲਟੀਸਟਾਰਰ ਫਿਲਮ ਕਰਦੇ ਹੋ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕੀ ਕਰ ਰਹੇ ਹੋ। ਜੋ ਤੁਸੀਂ ਇਸ ਤੋਂ ਖੁਸ਼ ਹੋ ਤਾਂ ਤੁਹਾਨੂੰ ਉਸ 'ਚ ਕੰਮ ਕਰਨਾ ਚਾਹੀਦਾ ਹੈ ਤੇ ਇਸ ਨੂੰ 100 ਫੀਸਦੀ ਦੇਣਾ ਚਾਹੀਦਾ ਹੈ। ਉਂਝ ਮਲਟੀਸਟਾਰਰ ਫਿਲਮਾਂ ਬਣਾਉਣਾ ਕੋਈ ਆਸਾਨ ਕੰਮ ਨਹੀਂ ਹੈ।

* ਬਾਲੀਵੁੱਡ ਵਿੱਚ ਡੇਢ ਦਹਾਕਾ ਲੰਬੇ ਆਪਣੇ ਕਰੀਅਰ ਨੂੰ ਲੈ ਕੇ ਕੀ ਕਹੋਗੇ?

– ਇਹੀ ਕਿ ਬਿਨਾਂ ਕਿਸੇ ਫਿਲਮੀ ਬੈਕਗਰਾਊਂਡ ਦੇ 15 ਸਾਲ ਤੋਂ ਵੱਧ ਸਮਾਂ ਫਿਲਮ ਨਗਰੀ 'ਚ ਬਿਤਾਉਣਾ ਮੇਰੇ ਲਈ ਬਹੁਤ ਵੱਡੀ ਪ੍ਰਾਪਤੀ ਹੈ ਕਿਉਂਕਿ ਇਥੇ ਅਜਿਹਾ ਕੋਈ ਵੀ ਆਦਮੀ ਨਹੀਂ, ਜਿਸ ਨੇ ਮੈਨੂੰ ਗਾਈਡ ਕੀਤਾ ਹੋਵੇ। ਮੈਂ ਫਿਲਮ ਨਗਰੀ ਦਾ ਅਰਜੁਨ ਨਹੀਂ ਸੀ, ਜਿਸ ਨੂੰ ਦਰੋਣਾਚਾਰੀਆ ਨੇ ਸਿਖਿਆ ਦਿੱਤੀ ਹੋਵੇ, ਏਕਲੱਵਯ ਹਾਂ, ਮੈਂ ਸਭ ਕੁਝ ਆਪਣੇ ਦਮ 'ਤੇ ਕੀਤਾ ਸੀ। ਸਾਲ 2003 ਵਿੱਚ ਮੈਂ ਕੀ ਸੀ, ਸਾਲ 2007 'ਚ ਮੇਰੇ ਅੰਦਰ ਥੋੜ੍ਹਾ ਆਤਮਵਿਸ਼ਵਾਸ ਆਇਆ।

* ਅੱਜਕੱਲ੍ਹ ਕਈ ਸਿਤਾਰੇ ਵੈੱਬ ਸੀਰੀਜ਼ ਵਿੱਚ ਕੰਮ ਕਰ ਰਹੇ ਹਨ। ਤੁਹਾਡਾ ਕੀ ਇਰਾਦਾ ਹੈ?

– ਹਰ ਪ੍ਰੋਡਿਊਸਰ ਦਾ ਮਕਸਦ ਹੁੰਦਾ ਹੈ ਦਰਸ਼ਕਾਂ ਤੱਕ ਆਪਣੀ ਫਿਲਮ ਪਹੁੰਚਾਉਣਾ, ਭਾਵੇਂ ਮਾਧਿਅਮ ਕੋਈ ਹੋਵੇ। ਹਾਂ, ਅੱਜਕੱਲ੍ਹ ਤਰੀਕਾ ਥੋੜ੍ਹਾ ਬਦਲ ਜ਼ਰੂਰ ਗਿਆ ਹੈ। ਮੈਨੂੰ ਲੱਗਦਾ ਹੈ ਕਿ ਅਗੇ ਸਮੇਂ ਵਿੱਚ ਛੋਟੇ ਪਰਦੇ ਦੇ ਸੀਰੀਅਲਸ ਵੀ ਅਜਿਹੇ ਬਣਨਗੇ, ਜਿਨ੍ਹਾਂ ਨੂੰ ਤੁਸੀਂ ਜਦੋਂ ਚਾਹੋ ਉਦੋਂ ਦੇਖ ਸਕਦੇ ਹੋ। ਆਪਣੀ ਸਹੂਲਤ ਅਤੇ ਸਮੇਂ ਅਨੁਸਾਰ।ਉਦੋਂ ਅਜਿਹਾ ਨਹੀਂ ਹੋਵੇਗਾ ਕਿ ਫਲਾਣਾ ਸ਼ੋਅ ਨੌਂ ਵਜੇ ਆਵੇਗਾ। ਸੋ ਨੌਂ ਵਜੇ ਤੁਹਾਨੂੰ ਟੀ ਵੀ ਸਾਹਮਣੇ ਬੈਠਣਾ ਪਵੇਗਾ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.


$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।


$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# NEED A LAWYER ??

# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# BEST FOR DIWALI, EID, CHRISTMAS GIFT

ALL PICTURES INSIDE FRAME ARE **24K PURE GOLD**



10 ਫੋਟੋਆਂ ਨਾਲ ਇਕ ਗੋਲਡ KEY RING FREE

FOR ALL INQUIRES CALL TARSEM SINGH 647-206-6109



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

**Jagdish Grewal**
Sales Representative



Residential | Commercial | Investment
(416) 970-5005
Office: 905-488-2100 Ext. 348

Century 21 President Realty Inc Brokerage* Independently Owned and Operated
www.vipcondonetwork.com
27 Armthorpe Rd Brampton #3, ON L6T 5M4 | Fax : 905-488-2101





